




ਸੱਚ ਤੇ ਨਿਡਰ ਆਵਾਜ਼

ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR

ਮੁੱਖ ਸੰਪਾਦਕ : ਅਮਨਦੀਪ ਮਹਿਰਾ

ਸੋਮਵਾਰ, 17 ਫਰਵਰੀ 2025

Email:- lokbani08@gmail.com








R. N. I. Punpun/29016/2008 ✶ ਸਾਲ 15 , ✶ ਅੰਕ : 244, ✶ ਮੁੱਲ : 6 ਰੁਪਏ ✶ ਕੁੱਲ ਪੇਜ: 10 ✶ ਦਫਤਰ : 0181–2211009 ✶ M : 99155-94111








## ਅਮਰੀਕਾ ਨੂੰ ਯੂਕਰੇਨ ਦੇ ਦੁਰਲੱਭ ਖਣਿਜਾਂ ਤੱਕ ਪਹੁੰਚ ਦੇਣ ਤੋਂ ਜ਼ੈਲੇਂਸਕੀ ਦੀ ਨਾਂਹ

ਮਿਊਨਿਖ, ਲੋਕ ਬਾਣੀ-ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੈਲੇਂਸਕੀ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਮੰਤਰੀਆਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਯੂਕਰੇਨ ਦੇ ਦੁਰਲੱਭ ਖਣਿਜਾਂ ਤੱਕ ਅਮਰੀਕਾ ਦੀ ਪਹੁੰਚ ਯਕੀਨੀ ਬਣਾਉਣ ਸਬੰਧੀ ਤਜਵੀਜ਼ਤ ਸਮਝੌਤੇ ’ਤੇ ਦਸਤਖ਼ਤ ਨਾ ਕਰਨ, ਕਿਉਂਕਿ ਇਹ ਪ੍ਰਸਤਾਵ ਅਮਰੀਕੀ ਹਿੱਤਾਂ ’ਤੇ ਵਧੇਰੇ ਕੇਂਦਰਿਤ ਹੈ।

ਗੱਲਬਾਤ ਤੋਂ ਜਾਣੂ ਇਕ ਮੌਜੂਦਾ ਤੇ ਇਕ ਸਾਬਕਾ ਸੀਨੀਅਰ ਅਧਿਕਾਰੀ ਮੁਤਾਬਕ



ਸ਼ੁੱਕਰਵਾਰ ਨੂੰ ਮਿਊਨਿਖ ਸੁਰੱਖਿਆ ਸੰਮੇਲਨ ਦੌਰਾਨ ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵਾਂਸ ਨਾਲ ਜ਼ੈਲੇਂਸਕੀ ਦੀ ਗੱਲਬਾਤ ਦੇ ਕੇਂਦਰ ਵਿੱਚ ਇਹੀ ਤਜਵੀਜ਼ ਸੀ।

## ਅਮਰੀਕਾ ਤੋਂ 31 ਪੰਜਾਬੀਆਂ ਸਣੇ 112 ਹੋਰ ਭਾਰਤੀ ਡਿਪੋਰਟ

ਅੰਮ੍ਰਿਤਸਰ ਲੋਕ ਬਾਣੀ- ਅਮਰੀਕਾ ’ਚ ਗ਼ੈਰ-ਕਾਨੂੰਨੀ ਢੰਗ ਨਾਲ ਰਹਿ ਰਹੇ 112 ਹੋਰ ਭਾਰਤੀਆਂ ਨੂੰ ਲੈ ਕੇ ਫੌਜ ਦਾ ਇੱਕ ਵਿਸ਼ੇਸ਼ ਜਹਾਜ਼ ਅੱਜ ਦੇਰ ਰਾਤ ਇਥੋਂ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਪਹੁੰਚਿਆ। ਟਰੰਪ ਪ੍ਰਸ਼ਾਸਨ ਵੱਲੋਂ ਗ਼ੈਰ-ਕਾਨੂੰਨੀ ਪਰਵਾਸੀਆਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਭਾਰਤੀਆਂ ਨੂੰ ਲੈ ਕੇ ਇਹ ਤੀਜਾ ਜਹਾਜ਼ ਪੁੱਜਿਆ ਹੈ। ਜਾਣਕਾਰੀ ਮੁਤਾਬਕ ਡਿਪੋਰਟ ਹੋਏ ਭਾਰਤੀ ਨਾਗਰਿਕਾਂ ਵਿੱਚ ਪੰਜਾਬ ਦੇ 31, ਹਰਿਆਣਾ ਦੇ 44, ਗੁਜਰਾਤ




ਦੇ 33, ਹਿਮਾਚਲ ਪ੍ਰਦੇਸ਼ ਤੇ ਉੱਤਰਾਖੰਡ ਦੇ ਇੱਕ-ਇੱਕ ਅਤੇ ਉੱਤਰ ਪ੍ਰਦੇਸ਼ ਦੇ ਦੋ ਨਾਗਰਿਕ ਸ਼ਾਮਲ ਹਨ। ਅੱਜ ਪਰਤੇ ਭਾਰਤੀ ਨਾਗਰਿਕਾਂ ਵਿੱਚ 19 ਮਹਿਲਾਵਾਂ ਅਤੇ 14 ਨਾਬਾਲਗ ਵੀ ਸ਼ਾਮਲ ਹਨ

## ਅੱਗ ਲਾ ਕੇ ਸਾੜੀ ਵਿਆਹੁਤਾ ਦੀ ਇਲਾਜ ਦੌਰਾਨ ਮੌਤ

ਜਗਰਾਉਂ, ਲੋਕ ਬਾਣੀ-ਮਹੀਨਾ ਪਹਿਲਾਂ ਅੱਗ ਲੱਗਣ ਕਾਰਨ ਸੜੀ ਸੁਖਜੀਤ ਕੌਰ ਨੇ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਅੱਜ ਹਸਪਤਾਲ ਵਿੱਚ ਦਮ ਤੋੜ ਦਿੱਤਾ। ਸੁਖਜੀਤ ਪਿਛਲੇ ਇੱਕ ਮਹੀਨੇ ਤੋਂ ਇਥੇ ਦਿਆਨੰਦ ਮੈਡੀਕਲ ਹਸਪਤਾਲ ਵਿੱਚ ਜ਼ੇਰੇ ਇਲਾਜ ਸੀ। ਉਸ ਦੇ ਪਿਤਾ ਸਤਪਾਲ ਸਿੰਘ ਨੇ ਸੁਖਜੀਤ ਦੇ ਸਹੁਰੇ ਪਰਿਵਾਰ ਦੀ ਗ੍ਰਿਫ਼ਤਾਰੀ ਦੀ ਮੰਗ ਕਰਦਿਆਂ



ਚਿਤਾਵਨੀ ਦਿੱਤੀ ਹੈ ਕਿ ਜਦੋਂ ਤੱਕ ਪੁਲੀਸ ਕਾਰਵਾਈ ਨਹੀਂ ਕਰਦੀ ਉਦੋਂ ਤੱਕ ਉਹ ਆਪਣੀ ਧੀ ਦਾ ਸਸਕਾਰ ਨਹੀਂ ਕਰੇਗਾ।

## ਅਮਰੀਕਾ ਤੋਂ 112 ਭਾਰਤੀਆਂ ਨੂੰ ਡਿਪੋਰਟ ਕੀਤਾ ਗਿਆ: ਸਾਕਸ਼ੀ ਸਾਹਨੀ

ਅੰਮ੍ਰਿਤਸਰ, ਲੋਕ ਬਾਣੀ- ਅਮਰੀਕਾ ਤੋਂ ਡਿਪੋਰਟ ਕੀਤੇ ਗਏ ਭਾਰਤੀ ਨਾਗਰਿਕਾਂ ਦੀ ਗਿਣਤੀ 112 ਹੈ ਅਤੇ ਸਾਰੇ ਹੀ ਸਿਹਤ ਪੱਖੋਂ ਠੀਕ ਹਨ। ਅੰਮ੍ਰਿਤਸਰ ਦੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਇਸ ਦੀ ਪੁਸ਼ਟੀ ਕੀਤੀ। ਉਨ੍ਹਾਂ ਕਿਹਾ ਕਿ ਇਮੀਗ੍ਰੇਸ਼ਨ ਦੀ ਪ੍ਰਕਿਰਿਆ ਚੱਲ ਰਹੀ ਹੈ ਅਤੇ ਉਸ ਤੋਂ ਬਾਅਦ ਮੈਡੀਕਲ ਤੇ ਹੋਰ ਬਾਕੀ ਪ੍ਰਕਿਰਿਆ ਮੁਕੰਮਲ ਕੀਤੀ ਜਾਵੇਗੀ। ਉਨ੍ਹਾਂ ਮੁਤਾਬਕ ਵਾਪਸ ਪਰਤੇ




ਭਾਰਤੀ ਨਾਗਰਿਕਾਂ ਦੇ ਵਿੱਚ ਕੁਝ ਬੱਚੇ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਲੋੜ ਮੁਤਾਬਕ ਸਮਾਨ ਮੁਹੱਈਆ ਕੀਤਾ ਗਿਆ ਹੈ।

## ਦਿੱਲੀ ਰੇਲਵੇ ਸਟੇਸ਼ਨ ’ਤੇ ਭਗਦੜ; 18 ਹਲਾਕ

ਨਵੀਂ ਦਿੱਲੀ ਲੋਕ ਬਾਣੀ ਨਵੀਂ ਦਿੱਲੀ ਰੇਲਵੇ ਸਟੇਸ਼ਨ ’ਤੇ ਲੰਘੀ ਰਾਤ ਭਾਰੀ ਭੀੜ ਕਾਰਨ ਮਚੀ ਭਗਦੜ ’ਚ ਘੱਟੋ-ਘੱਟ 18 ਲੋਕਾਂ ਦੀ ਮੌਤ ਹੋ ਗਈ ਅਤੇ 15 ਹੋਰ ਜ਼ਖਮੀ ਹੋ ਗਏ। ਇਹ ਘਟਨਾ ਰਾਤ 10 ਵਜੇ ਦੇ ਕਰੀਬ ਵਾਪਰੀ। ਭਾਰਤੀ ਰੇਲਵੇ ਮੁਤਾਬਕ ਮ੍ਰਿਤਕਾਂ ਦੇ ਪਰਿਵਾਰਾਂ ਨੂੰ 10-10 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇਗਾ। ਗੰਭੀਰ ਜ਼ਖਮੀਆਂ ਲਈ 2.5 ਲੱਖ ਰੁਪਏ ਅਤੇ ਮਾਮੂਲੀ ਜ਼ਖਮੀਆਂ ਲਈ 1 ਲੱਖ ਰੁਪਏ ਦੇ ਮੁਆਵਜ਼ੇ ਦਾ ਐਲਾਨ ਵੀ ਕੀਤਾ ਗਿਆ ਹੈ। ਦਿੱਲੀ ਪੁਲੀਸ ਨੇ



ਦੱਸਿਆ ਕਿ ਮ੍ਰਿਤਕਾਂ ’ਚ 14 ਮਹਿਲਾਵਾਂ ਸ਼ਾਮਲ ਹਨ। ਇਸ ਦੌਰਾਨ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਘਟਨਾ ਦੀ ਉੱਚ ਪੱਧਰੀ ਜਾਂਚ ਦੇ ਹੁਕਮ ਦਿੱਤੇ ਹਨ ਅਤੇ ਕਿਹਾ ਹੈ

## ਸ਼ਰਾਬ ਪੀਣ ਤੋਂ ਰੋਕਣ ’ਤੇ ਛੋਟੇ ਭਰਾ ਦਾ ਕਤਲ

ਲੁਧਿਆਣਾ ਲੋਕ ਬਾਣੀ- : ਥਾਣਾ ਟਿੱਬਾ ਦੇ ਇਲਾਕੇ ਕ੍ਰਿਸ਼ਨ ਵਿਹਾਰ ਵਿੱਚ ਇੱਕ ਵਿਅਕਤੀ ਨੇ ਅੱਜ ਆਪਣੇ ਛੋਟੇ ਭਰਾ ਦਾ ਕਤਲ ਕਰ ਦਿੱਤਾ ਮੁਢਲੀ ਜਾਣਕਾਰੀ ਤਹਿਤ ਇਹ ਕਤਲ ਛੋਟੇ ਭਰਾ ਵੱਲੋਂ ਉਸ ਨੂੰ ਸ਼ਰਾਬ ਪੀਣ ਤੋਂ ਰੋਕਣ ਕਰਕੇ ਕੀਤਾ ਗਿਆ ਹੈ। ਇਸ ਸਬੰਧੀ ਕ੍ਰਿਸ਼ਨ ਵਿਹਾਰ ਟਿੱਬਾ ਰੋਡ ਵਾਸੀ ਲਵਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਪਰਮਜੀਤ ਸਿੰਘ ਆਪਣੇ ਵੱਡੇ ਭਰਾ



ਗੁਰਦਿਆਲ ਸਿੰਘ ਨੂੰ ਸ਼ਰਾਬ ਪੀਣ ਤੇ ਹੋਰ ਮਾੜੇ ਕੰਮਾਂ ਤੋਂ ਰੋਕਦੇ ਸਨ ਜਿਸ ਕਰਕੇ ਗੁਰਦਿਆਲ ਸਿੰਘ ਦੀ ਕਈ ਵਾਰ ਪਰਮਜੀਤ ਸਿੰਘ ਨਾਲ ਕਾਫ਼ੀ ਲੜਾਈ ਵੀ ਹੋਈ ਸੀ। ।

## ਮੁਲਜ਼ਮ 180 ਲਿਟਰ ਲਾਹਣ ਸਣੇ ਗ੍ਰਿਫ਼ਤਾਰ

ਲਹਿਰਾਗਾਗਾ ਲੋਕ ਬਾਣੀ-ਪੁਲੀਸ ਨੇ ਨਸ਼ਿਆਂ ਖ਼ਿਲਾਫ਼ ਚਲਾਈ ਮੁਹਿੰਮ ਤਹਿਤ ਇੱਕ ਵਿਅਕਤੀ ਨੂੰ ਨਾਜਾਇਜ਼ ਸ਼ਰਾਬ ਕੱਢਣ ਲਈ ਰੱਖੀ ਲਾਹਣ ਸਮੇਤ ਗ੍ਰਿਫ਼ਤਾਰ ਕੀਤਾ ਹੈ। ਐੱਸਐੱਚਓ ਸਦਰ ਇੰਸਪੈਕਟਰ ਰਣਵੀਰ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਨਾਜਰ ਸਿੰਘ ਦੀ ਅਗਵਾਈ ਹੇਠ ਪੁਲੀਸ ਪਾਰਟੀ ਨੇ ਮੁਖਬਰੀ ਮਿਲਣ ’ਤੇ ਪਿੰਡ ਜਲੂਰ ਦੇ ਰਾਜਵਿੰਦਰ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਮਾਡਲ ਟਾਊਨ ਸ਼ੇਰੋਂ ਹਾਲ ਅਬਾਦ ਪਿੰਡ ਜਲੂਰ ਦੇ ਰਿਹਾਇਸ਼ੀ ਘਰ ’ਚ ਛਾਪਾ ਮਾਰ ਕੇ ਮੌਕੇ ’ਤੇ ਗ੍ਰਿਫ਼ਤਾਰ ਕੀਤਾ ਅਤੇ ਉਸ ਕੋਲੋਂ ਨਾਜਾਇਜ਼ ਸ਼ਰਾਬ



ਕਸੀਦਣ ਲਈ ਰੱਖੀ 180 ਲਿਟਰ ਲਾਹਣ ਬਰਾਮਦ ਕੀਤੀ ਹੈ।

ਪੁਲੀਸ ਨੇ ਮੁਲਜ਼ਮ ਖ਼ਿਲਾਫ਼ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਵੱਖ ਵੱਖ ਥਾਵਾਂ ’ਤੇ ਚੋਰੀ ਦੀਆਂ ਵਾਰਦਾਤਾਂ

ਲੁਧਿਆਣਾ ਲੋਕ ਬਾਣੀ --ਸ਼ਹਿਰ ਵਿੱਚ ਵੱਖ ਵੱਖ ਥਾਵਾਂ ’ਤੇ ਅਣਪਛਾਤੇ ਵਿਅਕਤੀਆਂ ਨੇ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਿਸ ਸਬੰਧੀ ਪੁਲੀਸ ਨੇ ਕੇਸ ਦਰਜ ਕੀਤੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਦੁੱਗਰੀ ਦੀ ਪੁਲੀਸ ਨੂੰ ਬਸੰਤ ਰੈਸਟੋਰੈਂਟ ਫੇਸ 1, ਮਾਰਕੀਟ ਦੁੱਗਰੀ ਦੇ ਮੈਨੇਜਰ ਹੇਮੰਤ ਬਾਵਾ ਨੇ ਦੱਸਿਆ ਕਿ ਰੈਸਟੋਰੈਂਟ ਦੇ ਇੰਡੀਅਨ ਕੁੱਕ ਗੌਰਵ ਗੋਸਾਈਂ ਵਾਸੀ ਪਿੰਡ ਗਿੱਲ ਅਤੇ ਸੁਖਵਿੰਦਰ ਸਿੰਘ ਨੇ 2-3 ਸਾਥੀਆਂ ਨਾਲ ਮਿਲ ਕੇ ਕਾਲੇ ਰੰਗ ਦੇ ਬੈਗ ਵਿੱਚ ਰੱਖੇ 1 ਲੱਖ



50-60 ਹਜ਼ਾਰ ਰੁਪਏ ਚੁੱਕ ਲਏ ਜੋ ਉਸ ਨੇ ਵਰਕਰਾਂ ਨੂੰ ਤਨਖਾਹਾਂ ਦੇਣ ਲਈ ਕਾਊਂਟਰ ਦੇ ਥੱਲੇ ਰੱਖੇ ਹੋਏ ਸਨ। ਪੁਲੀਸ ਨੇ ਕੇਸ ਦਰਜ ਕਰ ਕੇ ਕਾਰਵਾਈ ਆਰੰਭ ਦਿੱਤੀ ਹੈ।





ਪੱਤਰਕਾਰਾਂ ਲਈ ਸੁਨਹਿਰਾ ਮੌਕਾ

ਪੰਜਾਬ ਦੇ ਹਰ ਜ਼ਿਲੇ ਤੋਂ ਰੋਜ਼ਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਂਕ ਜਲੰਧਰ 9915594111

# ਚੰਗੀ ਸਿਹਤ ਲਈ ਮੂਲ ਅਨਾਜ ਨੂੰ ਰੋਜ਼ਾਨਾ ਦੇ ਖਾਣੇ ਵਿੱਚ ਸ਼ਾਮਿਲ ਕਰਨ ਦੀ ਲੋੜ- ਧਾਲੀਵਾਲ

## ਤੰਦਰੁਸਤ ਸਰੀਰ ਲਈ ਮੋਟੇ ਅਨਾਜ ਦੀ ਵਰਤੋਂ ਬਹੁਤ ਜ਼ਰੂਰੀ-ਮੇਅਰ

ਅੰਮ੍ਰਿਤਸਰ, 15 ਫਰਵਰੀ (ਮਨਜੀਤ ਸਿੰਘ ਸੇਰਗਿਲ )
ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਵੱਲੋਂ ਰੰਗਲੇ ਪੰਜਾਬ ਦੇ ਲਏ ਸੁਪਨੇ ਨੂੰ ਪੂਰਾ ਕਰਨ ਲਈ ਸਿਹਤ ਵਿਭਾਗ ਪੰਜਾਬ ਵੱਲੋਂ ਪੰਜਾਬੀਆਂ ਦੀ ਚੰਗੀ ਸਿਹਤ ਲਈ ਜਾਗਰੂਕਤਾ ਫੈਲਾਉਣ ਦੇ ਯਤਨ ਨਾਲ ਅੰਮ੍ਰਿਤਸਰ ਵਿੱਚ ਈਟ ਰਾਈਟ ਮੇਲਾ ਕਰਵਾਇਆ ਗਿਆ।

ਫੂਡਜ਼ ਐਂਡ ਡਰੱਗ ਐਡਮਨਿਸਟਰੇਸ਼ਨ ਪੰਜਾਬ (ਐਫ.ਡੀ.ਏ.) ਵਲੋਂ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਦੇ ਸਹਿਯੋਗ ਨਾਲ ਕੰਪਨੀ ਬਾਗ ਵਿਖੇ ਕਰਵਾਏ ਗਏ ਈਟ ਰਾਈਟ ਮਿਲੇਟ ਦਾ ਉਦਘਾਟਨ ਕਰਦਿਆਂ ਵਿਧਾਇਕ ਸ ਜਸਬੀਰ ਸਿੰਘ ਸੰਧੂ ਨੇ ਸਮਾਗਮ ਵਿੱਚ ਹਾਜ਼ਰ ਕਿਸਾਨਾਂ, ਖ਼ੁਰਾਕ ਮਾਹਰਾਂ, ਵਿਦਿਆਰਥੀਆਂ ਅਤੇ ਆਮ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਮੂਲ ਅਨਾਜ ਦੀ ਪੈਦਾਵਾਰ ਕਰਨ ਦੇ ਜ਼ੋਰ ਦਿੱਤਾ।

ਡਾ. ਸੰਧੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਪਣੀ ਧਰਤੀ ਨੂੰ ਜ਼ਹਿਰ ਕੋਲੋਂ ਬਚਾਉਣ ਲਈ ਸਾਨੂੰ ਕੁਦਰਤੀ ਖੇਤੀ ਕਰਨੀ ਚਾਹੀਦੀ ਹੈ।
ਸਮਾਗਮ ਨੂੰ ਸੰਬੋਧਨ ਕਰਦੇ ਹੋਏ ਮੁੱਖ ਮਹਿਮਾਨ ਕੈਬਨਿਟ ਮੰਤਰੀ ਸ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮੋਟਾ ਅਨਾਜ ਜਿਸ ਵਿਚ ਮੁੱਖ ਤੌਰ ਤੇ ਬਾਜਰਾ, ਕੰਗਣੀ, ਕੋਦਰਾ, ਜਵਾਰ, ਕੁੱਟਕੀ, ਸਾਂਵਾਂ, ਅਤੇ ਰਾਗੀ ਆਉਂਦੇ ਹਨ ਨੂੰ ਬਿਲਕੁਲ ਹੀ ਅਸੀਂ ਭੁੱਲ ਗਏ ਹਾਂ, ਜਦਿਕ ਸਾਡੀ ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਇਨਾਂ ਦਾ ਸੇਵਨ ਬਹੁਤ ਜ਼ਰੂਰੀ ਹੈ। ਉਨਾਂ ਕਿਹਾ ਕਿ ਮੋਟੇ ਅਨਾਜ ਦੀ ਪੈਦਾਵਾਰ ਕਰਨ ਨਾਲ ਜਿਥੇ ਪਾਣੀ ਦੀ ਬਚਤ ਹੁੰਦੀ ਹੈ ਉਥੇ ਦਵਾਈਆਂ ਵੀ ਘੱਟ ਵਰਤਣੀਆਂ ਪੈਂਦੀਆਂ ਹਨ। ਜਿਸ ਨਾਲ ਸਾਡੀ ਮਿੱਟੀ ਦੀ ਉਪਜਾਊ ਬਣੀ ਰਹਿੰਦੀ ਹੈ। ਸ ਧਾਲੀਵਾਲ ਨੇ ਕਿਹਾ ਕਿ ਪੋਸ਼ਕ ਤੱਤਾਂ ਨਾਲ ਭਰਪੂਰ ਮੋਟੇ ਅਨਾਜ ਦੇ ਫਾਇਦੇ ਬਾਰੇ ਜਾਗਰੂਕਤਾ ਲਹਿਰ ਫੈਲਾਉਣ ਵਾਲਿਆਂ ਨਾਗਰਿਕਾਂ ਦੀ ਸਰਕਾਰ ਵੀ ਮਦਦ ਕਰੇਗੀ।

ਇਸ ਮੌਕੇ ਮੇਅਰ ਸ ਜਤਿੰਦਰ ਸਿੰਘ ਮੋਤੀ ਭਾਟੀਆ ਨੇ ਕਿਹਾ ਕਿ ਕਿਸੇ ਸਮੇਂ ਮੋਟਾ ਅਨਾਜ ਸਾਡੀ ਖੁਰਾਕ ਦਾ ਅਹਿਮ ਹਿੱਸਾ ਹੁੰਦੀ ਸੀ। ਪਰ ਸਾਡੀ ਰਹਿਣ ਸਹਿਣ ਵਿਚ ਆਏ ਵੱਡੇ ਬਦਲਾਅ ਕਾਰਨ ਇਹ ਸਾਡੀ ਥਾਲੀ ਵਿਚੋਂ ਗਾਇਬ ਹੋ ਗਿਆ ਹੈ। ਉਸਦਾ ਖਾਮਿਆਜਾ ਅਸੀਂ ਕਈ ਭਿਆਨਕ ਬਿਮਾਰੀਆਂ ਨਾਲ ਭੁਗਤ ਰਹੇ ਹਾਂ। ਉਨਾਂ ਕਿਹਾ ਕਿ ਅੱਜ ਸਾਨੂੰ ਲੋੜ ਹੈ ਕਿ ਮੋਟੇ ਅਨਾਜ ਨੂੰ ਮੁੜ ਆਪਣੀ ਸਾਡੀ ਥਾਲੀ ਦਾ ਹਿੱਸਾ ਬਣਾਈਏ ਤਾਂ ਬਿਮਾਰੀਆਂ ਤੋਂ ਬਚੀਏ। ਉਨਾਂ ਕਿਹਾ ਕਿ ਅਸੀਂ ਕਣਕ ਅਤੇ ਝੋਨੇ ਦੀ ਜਿਆਦਾ ਵਰਤੋਂ ਕਰਕੇ ਖੁਦ ਬਿਮਾਰੀਆਂ ਨੂੰ ਸੱਦਾ ਦਿੱਤਾ ਹੈ ਅਤੇ ਸਾਨੂੰ ਮੁੱੜ ਆਪਣਾ ਮੂਲ ਅਨਾਜ ਵੱਲ ਮੁੜਨਾ ਪਵੇਗਾ।




ਵਿਧਾਇਕਾ ਸ੍ਰੀਮਤੀ ਜੀਵਨਜੋਤ ਕੌਰ ਜਿਨਾਂ ਨੇ ਸਵੇਰੇ ਵਾਕਾਥਾਨ ਦੀ ਸ਼ੁਰੂਆਤ ਵੀ ਕਰਵਾਈ ਨੇ ਕਿਹਾ ਕਿ ਕਣਕ ਵਿੱਚ ਗਲੂਟਨ ਦੀ ਜਿਆਦਾ ਮਾਤਰਾ ਹੋਣ ਕਰਕੇ ਅਸੀਂ ਬਿਮਾਰ ਹੋ ਰਹੇ ਹਾਂ ਅਤੇ ਕੈਮਿਕਲਾਂ ਦੀ ਵਰਤੋਂ ਕਰਕੇ ਆਪਣੀ ਮਿੱਟੀ ਵੀ ਖਰਾਬ ਕਰ ਰਹੇ ਹਾਂ, ਜਿਸ ਨੂੰ ਤੁਰੰਤ ਰੋਕਣ ਦੀ ਲੋੜ ਹੈ।ਇਸ ਮੌਕੇ ਮਹਿਮਾਨਾਂ ਨੇ ਮੇਲੇ ਵਿੱਚ ਕੁੱਦਰਤੀ ਖੇਤੀ ਅਤੇ ਮੋਟੇ ਅਨਾਜ ਦੇ ਪ੍ਰਚਾਰ ਹਿੱਤ ਲੱਗੇ ਹੋਏ ਵੱਖ-ਵੱਖ ਸਟਾਲਾਂ ਨੂੰ, ਬੜੀ ਗਹੁ ਨਾਲ ਵੇਖਿਆ ਅਤੇ ਮੇਲੇ ਦੇ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ।
ਇਸ ਮੇਲੇ ਵਿਚ ਵਧੀਕ ਡਿਪਟੀ ਕਮਿਸ਼ਨਰ ਸ਼੍ਰੀਮਤੀ ਜੋਤੀ ਬਾਲਾ, ਸਹਾਇਕ ਕਮਿਸ਼ਨਰ ਸ੍ਰੀਮਤੀ ਗੁਰਸਿਮਰਨ ਕੌਰ, ਸਿਵਲ ਸਰਜਨ ਡਾਕਟਰ ਕਿਰਨਪ੍ਰੀਤ ਕੌਰ, ਡੀ ਈ ਓ ਸ ਹਰਭਗਵੰਤ ਸਿੰਘ , ਸਹਾਇਕ ਫੂਡ ਕਮਿਸ਼ਨਰ ਸ੍ਰੀ ਰਾਜਿੰਦਰ ਸਿੰਘ ਤੇ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# ਸਮਾਜਸੇਵੀ ਸੰਸਥਾ ਸੈਕੂਲਰ ਯੂਥ ਕਲੱਬ ਦੀ ਇਕੱਤਰਤਾ ਨੇ ਸਮਾਜ ਸੇਵਾ ਦੇ ਕੰਮਾਂ ਲਈ ਕਈ ਅਹਿਮ ਫੈਸਲੇ ਲਏ

ਪਾਤੜਾ, 14 ਫਰਵਰੀ ਪ੍ਰਗਟ ਦੁਤਾਲ- ਪਾਤੜਾ ਇਲਾਕੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਸੈਕੂਲਰ ਯੂਥ ਕਲੱਬ ਪਾਤੜਾਂ ਦੀ ਇੱਕ ਅਹਿਮ ਮੀਟਿੰਗ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿਖੇ ਹੋਈ ਜਿਸ ਵਿੱਚ ਕਲੱਬ ਦੇ ਵੱਡੀ ਗਿਣਤੀ ਵਿੱਚ ਮੈਂਬਰਾਂ ਸਹਿਬਾਨਾਂ ਨੇ ਸ਼ਿਰਕਤ ਕੀਤੀ ਮੀਟਿੰਗ ਦੌਰਾਨ ਸੈਕੂਲਰ ਯੂਥ ਕਲੱਬ ਦੇ ਪ੍ਰਧਾਨ ਸਰਦਾਰ ਮਨਜੀਤ ਸਿੰਘ ਵਿਰਕ ਨੇ ਪਿਛਲੇ 14 ਸਾਲਾਂ ਦੇ ਸਮੇਂ ਵਿੱਚ ਕਲੱਬ ਵੱਲੋਂ ਕੀਤੇ ਗਏ ਕੰਮਾਂ ਸਬੰਧੀ ਜਾਣਕਾਰੀ ਸਾਂਝੀ ਕੀਤੀ ਅਤੇ ਅਤੇ ਸਮੂਹ ਮੈਂਬਰਾਂ ਨੂੰ ਅਪੀਲ ਕਰਦੇ ਹੋਏ ਉਹਨਾਂ ਕਿਹਾ ਕਿ ਕਲੱਬ ਦੇ ਵਿੱਚ ਸੇਵਾ ਕਰਨ ਲਈ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਮਨੁੱਖਤਾ ਦੀ ਸੇਵਾ ਦੇ ਵਿੱਚ ਹਰੇਕ ਮੈਂਬਰ ਦਾ ਪੂਰਾ ਸਹਿਯੋਗ ਹੁੰਦਾ ਰਿਹਾ ਹੈ ਅਤੇ ਸੈਕੂਲਰ ਯੂਥ ਕਲੱਬ ਦੇ ਪਰਿਵਾਰ ਵਿੱਚ ਹੋਰ ਵਾਧਾ ਹੋਇਆ ਜਿਸ ਵਿੱਚ ਨਵੇਂ ਮੈਂਬਰਾਂ ਦੀ ਸ਼ਾਮਿਲ ਕੀਤਾ ਗਿਆ ਹੈ ਉਹਨਾਂ ਕਿਹਾ ਕਿ ਕਲੱਬ ਸਾਰੇ ਮੈਂਬਰਾਂ ਨੂੰ ਪੂਰਾ ਮਾਣ ਸਨਮਾਨ ਦੇਣ ਦੇ ਨਾਲ ਨਾਲ ਪਰਿਵਾਰ ਵਾਂਗ ਇਕਮੁੱਠਤਾ ਨਾਲ ਰਹਿਣ ਵਿੱਚ ਯਕੀਨ ਰੱਖਦਾ ਹੈ ਇਸ ਮੌਕੇ ਲਗਾ ਸਰਦਾਰ ਲਵਜੀਤ ਸਿੰਘ ਬੱਬੀ ਨੂੰ ਯੂਥ ਕਲੱਬ ਪਾਤੜਾਂ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਅਤੇ ਸੈਕੂਲਰ ਯੂਥ ਕਲੱਬ ਦੇ ਸਾਰੇ ਭਰਾਵਾਂ ਨੇ ਸਰਪੰਚ ਲਵਜੀਤ ਸਿੰਘ ਬੱਬੀ ਨੂੰ ਵਧਾਈ ਦਿੱਤੀ ਸਰਪੰਚ ਲਵਜੀਤ ਸਿੰਘ ਬੱਬੀ ਜੋ ਕਿ ਪਿੰਡ ਹੋਤੀਪੁਰ ਦੇ ਮੌਜੂਦਾ ਸਰਪੰਚ ਹਨ ਉਹਨਾਂ ਨੇ ਪਿੰਡ ਦੀ ਨੁਹਾਰ ਬਦਲੀ ਹੈ ਸੈਕੂਲਰ ਸ਼ਬਦ ਦੇ ਅਰਥਾਂ ਉੱਤੇ ਪੂਰਨੇ ਪਾਉਂਦੇ ਹੋਏ ਕਲੱਬ ਅਤੇ ਇਲਾਕੇ ਵਿੱਚ ਹਰ ਇੱਕ ਭਾਈਚਾਰੇ ਦੀ ਸੇਵਾ ਲਈ ਤਿਆਰ ਬਰ ਤਿਆਰ ਰਹਿਣ ਦਾ ਸਬੂਤ ਦਿੱਤਾ ਅਤੇ ਸਮੇਂ ਸਮੇਂ ਤੇ ਆਈਆਂ ਕੁਦਰਤੀ ਆਫਤਾਂ ਵਿੱਚ ਕਲੱਬ



ਵੱਲੋਂ ਵੱਡੇ ਪੱਧਰ ਤੇ ਸੇਵਾ ਵੀ ਕੀਤੀ ਜਾਂਦੀ ਰਹੀ ਹੈ ਅਤੇ ਅੱਗੋਂ ਵੀ ਵੱਧ ਚੜ ਕੇ ਸਮਾਜ ਸੇਵੀ ਕੰਮਾਂ ਨੂੰ ਤਰਹੀਜ ਦਿੱਤੀ ਜਾਇਆ ਕਰੇਗੀ ਕਲੱਬ ਦੇ ਵਾਈਸ ਪ੍ਰਧਾਨ ਸਰਪੰਚ ਲਵਜੀਤ ਸਿੰਘ ਬੱਬੀ ਨੇ ਕਿਹਾ ਕਿ ਸੈਕੂਲਰ ਯੂਥ ਕਲੱਬ ਲਈ ਹਰ ਇੱਕ ਮੈਂਬਰ ਆਪਣੀ ਕਿਰਤ ਕਮਾਈ ਦੇ ਵਿੱਚੋਂ ਦਸਵੰਧ ਦਾ ਕੁਝ ਹਿੱਸਾ ਪਾਵੇ ਅਜਿਹਾ ਕਰਨ ਨਾਲ ਬਹੁਤ ਸਾਰੇ ਕਾਰਜ ਆਪ ਮੁਹਾਰੇ ਪੂਰੇ ਹੋ ਜਾਂਦੇ ਹਨ ਜੋ ਸਮਾਜ ਵਿੱਚ ਕਿਸੇ ਵੀ ਲੋੜਵੰਦ ਲਈ ਆਸਰਾ ਬਣ ਸਕਦੇ ਹਨ ਅੰਤ ਵਿੱਚ ਸਰਪੰਚ ਲਵਜੀਤ ਬੱਬੀ ਨੇ ਪ੍ਰਧਾਨ ਸਾਹਿਬ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਜਿਹੜੀ ਜਿੰਮੇਵਾਰੀ ਮੈਨੂੰ ਸੌਂਪੀ ਗਈ ਹੈ ਮੈ ਉਸ ਨੂੰ ਪੂਰੀ ਤਨਦੇਹੀ ਦੇ ਨਾਲ ਨਿਭਾਵਾਂਗਾ ਸੈਕੂਲਰ ਯੂਥ ਕਲੱਬ ਦੇ ਪਰਿਵਾਰ ਵਿੱਚ ਵਾਧਾ ਹੋਣ ਤੇ ਮੌਕੇ ਲਵਪ੍ਰੀਤ ਸਿੰਘ ਬਣਵਾਲਾ ਨੂੰ ਵੀ ਸੈਕੂਲਰ ਯੂਥ ਕਲੱਬ ਵੱਲੋਂ ਜੀ ਆਇਆ ਆਖਿਆ ਗਿਆ ਇਸ ਮੌਕੇ ਸੁਖਪਾਲ ਸਿੰਘ ਪਾਲ ਅੰਮ੍ਰਿਤ ਸਿੰਘ ਸਤਰਾਣਾ ਦੀਪ ਸਿੰਘ ਕਲੇਰ ਹੋਰਨਾਂ ਤੋਂ ਇਲਾਵਾ ਸੈਕੂਲਰ ਯੂਥ ਕਲੱਬ ਦੇ ਅਹੁਦੇਦਾਰ ਅਤੇ ਮੈਂਬਰ ਸਾਹਿਬਾਨ ਵੱਡੀ ਗਿਣਤੀ ਹਾਜ਼ਰ ਸਨ।

# ਸਰਕਾਰੀ ਕਾਲਜ ਆ.ਫ ਐਜੂਕੇਸ਼ਨ, ਮਾਲੇਰਕੋਟਲਾ ਵਿਖੇ ਪਰਸਨੈਲਿਟੀ ਡਿਵੈਪਮੈਂਟ ਦੇ ਵਿਸ਼ੇ ਤੇ ਵਰਕਸ਼ਾਪ ਕਰਵਾਈ ਗਈ।

ਮਾਲੇਰਕੋਟਲਾ 15 ਫਰਵਰੀ ( ਰੀਸੈਂਟ ਟਾਈਮਜ਼) ਮਿਤੀ ਸਰਕਾਰੀ ਕਾਲਜ ਆਫ਼ ਐਜੂਕੇਸ਼ਨ,ਮਾਲੇਰਕੋਟਲਾ ਵਿਖੇ ਪ੍ਰਿੰਸੀਪਲ ਡਾ. ਮੁਹੰਮਦ ਇਰਫਾਨ ਜੀ ਦੀ ਅਗਵਾਈ ਹੇਠ ਨੋਡਲ ਅਫ਼ਸਰ ਪ੍ਰੋ. ਕਰਮਪ੍ਰੀਤ ਕੌਰ ਦੁਆਰਾ Vocationalization and Skill Orientation ਗ੍ਰਾਂਟ 2024-25 ਅਧੀਨ ਪਰਸਨੈਲਿਟੀ ਡਿਵੈਪਮੈਂਟ (Personality Development) ਦੇ ਵਿਸ਼ੇ ਤੇ ਵਰਕਸ਼ਾਪ ਕਰਵਾਈ ਗਈ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਡਾ. ਨਵਦੀਪ ਸਿੰਘ ਤੁੰਗ, ਸਾਬਕਾ ਡੀਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਸ਼ਿਰਕਤ ਕੀਤੀ। ਪ੍ਰਿੰਸੀਪਲ ਡਾ. ਮੁਹੰਮਦ ਇਰਫਾਨ ਜੀ ਅਤੇ ਸਟਾਫ਼ ਮੈਂਬਰਜ਼ ਦੁਆਰਾ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ।
ਡਾ.ਨਵਦੀਪ ਸਿੰਘ ਜੀ ਦੁਆਰਾ ਵਿਦਿਆਰਥੀਆਂ ਨਸ਼ਿਆਂ ਦੀ ਰੋਕਥਾਮ ਬਾਰੇ ਜਾਗਰੂਕ ਕੀਤਾ ਅਤੇ ਉਹਨਾਂ ਨੇ ਆਰਟੀਫੀਸ਼ਅਲ ਹੈਪੀਨਸ (Artificial Happiness) ਬਾਰੇ ਦੱਸਿਆ। ਉਹਨਾਂ ਨੇ ਵਿਦਿਆਰਥੀਆਂ ਨੂੰ ਨੌਜਵਾਨਾਂ ਦੇ ਨਸ਼ੇ ਲੈਣ ਦੇ ਕਾਰਨਾਂ ਨੂੰ ਦੱਸਦੇ ਹੋਏ ਵਿਦਿਆਰਥੀਆਂ ਨੂੰ ਸਮਝਾਇਆ ਕਿ ਇਸਦਾ ਇਸਤੇਮਾਲ ਨਹੀਂ ਕਰਨਾ ਚਾਹੀਦਾ। ਇਹ ਵੀ ਦੱਸਿਆ ਕਿ ਨਸ਼ਿਆਂ ਨਾਲ ਜ਼ਿੰਦਗੀ ਦੀ ਸੰਭਾਵਨਾ ਘਟਦੀ ਹੈ। ਇਸ ਲਈ ਉਹਨਾਂ ਨੇ ਹਦਾਇਤਾਂ ਦਿੱਤੀ ਕਿ ਇੱਕ ਅਧਿਆਪਕ ਦੇ ਤੌਰ ਤੇ, ਆਪ ਵੀ ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ ਅਤੇ ਆਪਣੇ ਆਲੇ ਦੁਆਲੇ, ਵਿਦਿਆਰਥੀਆਂ ਨੂੰ ਨਸ਼ੇ ਤੋਂ ਰਹਿਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।
ਇਸ ਤੋਂ ਬਾਅਦ ਡਾ. ਨਵਦੀਪ ਸਿੰਘ ਤੁੰਗ ਨੇ Personality Development ਬਾਰੇ ਗੱਲਬਾਤ ਕੀਤੀ। ਉਹਨਾਂ ਨੇ ਦੱਸਿਆ ਕਿ ਹਰ ਵਿਅਕਤੀ ਦੀ ਆਪਣੀ ਇੱਕ ਵੱਖਰੀ ਪਰਸਨੈਲਿਟੀ ਹੁੰਦੀ ਹੈ ਅਤੇ ਸਾਨੂੰ ਆਪਣੀ ਪਰਸਨੈਲਿਟੀ ਨੂੰ ਨਿਖਾਰਨ ਲਈ ਸਾਡੇ ਮਾਤਾ-ਪਿਤਾ, ਭੈਣ ਭਰਾ ਅਤੇ ਅਧਿਆਪਕ ਬਹੁਤ ਹੀ ਵੱਡਮੁੱਲਾ ਯੋਗਦਾਨ ਨਿਭਾਉਂਦੇ ਹਨ। ਉਹਨਾਂ ਦੁਆਰਾ ਦੱਸਿਆ ਗਿਆ ਕਿ ਸਾਡੀ Personality ਨੂੰ ਡਿਵੈਲਪ ਕਰਨ ਲਈ ਸੋਫਟ ਸਕਿੱਲਜ਼, ਹਾਰਡ ਸਕਿੱਲਜ਼ ਅਤੇ Intellectual Skills ਬਹਤ ਜ਼ਰੂਰੀ ਹਨ। ਇਸ ਤੋਂ ਬਾਅਦ ਉਹਨਾਂ ਨੇ ਕਿਸ਼ੋਰ ਅਵਸਥਾ ਵਿੱਚ ਆ ਰਹੀਆਂ ਸਮੱਸਿਆਂਵਾਂ ਦੀ ਚਰਚਾ ਕੀਤੀ। ਅੰਤ ਵਿੱਚ ਪ੍ਰੋ. ਹਰਪ੍ਰੀਤ ਕੌਰ ਦੁਆਰਾ ਆਏ ਹੋਏ ਮਹਿਮਾਨਾਂ ਦੀ ਧੰਨਵਾਦ ਕੀਤਾ ਗਿਆ ਅਤੇ ਪ੍ਰਿੰਸੀਪਲ ਡਾ. ਮੁਹੰਮਦ ਇਰਫਾਨ ਜੀ ਅਤੇ ਸਮੂਹ ਸਟਾਫ਼ ਦੁਆਰਾ ਆਏ ਹੋਏ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਪ੍ਰੋ. ਕਮਲ ਕਿਸ਼ੋਰ ਵਾਈਸ ਪ੍ਰਿੰਸੀਪਲ ਸਰਕਾਰੀ ਕਾਲਜ ਲੜਕੀਆਂ, ਕਾਲਜ ਦਾ ਸਮੂਹ ਸਟਾਫ਼ ਅਤੇ ਬੀ.ਐਡ ਭਾਗ ਪਹਿਲਾ ਅਤੇ ਦੂਜਾ ਦੇ ਵਿਦਿਆਰਥੀ ਹਾਜ਼ਰ ਰਹੇ।






# ਵਿਜੀਲੈਂਸ ਬਿਊਰੋ ਵੱਲੋਂ ਪਟਵਾਰੀ ਦਾ ਕਾਰਿੰਦਾ 3,000 ਰੁਪਏ ਰਿਸ਼ਵਤ ਲੈਂਦਾ ਕਾਬੂ

ਚੰਡੀਗੜ੍ਹ, 1(ਲੋਕ ਬਾਣੀ): ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਰਾਮਪਾਲ ਨਾਮਕ ਇੱਕ ਆਮ ਵਿਅਕਤੀ ਨੂੰ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ ਜੋ ਕਿ ਮਾਲ ਹਲਕਾ ਨਵਾਂਸ਼ਹਿਰ-1 ਵਿੱਚ ਤਾਇਨਾਤ ਪਟਵਾਰੀ ਵਿਪਨ ਕੁਮਾਰ ਦਾ ਸਾਥੀ ਹੈ ਅਤੇ ਉਸ ਪਟਵਾਰੀ ਖਾਤਰ 3,000 ਰੁਪਏ ਦੀ ਰਿਸ਼ਵਤ ਦੀ ਦੂਜੀ ਕਿਸ਼ਤ ਪ੍ਰਾਪਤ ਕਰ ਰਿਹਾ ਸੀ।

ਇਸ ਬਾਰੇ ਵਿਜੀਲੈਂਸ ਬਿਊਰੋ ਦੇ ਇੱਕ ਬੁਲਾਰੇ ਨੇ ਖੁਲਾਸਾ ਕੀਤਾ ਕਿ ਇਹ ਗ੍ਰਿਫ਼ਤਾਰੀ ਐਸਬੀਐਸ ਨਗਰ ਜ਼ਿਲ੍ਹੇ ਦੇ ਨਵਾਂਸ਼ਹਿਰ ਸ਼ਹਿਰ ਵਿੱਚ ਨਿਊ ਆਬਾਦੀ ਦੇ ਵਸਨੀਕ ਪ੍ਰਦੀਪ ਕੁਮਾਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਤੋਂ ਬਾਅਦ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਮੱਦਦ ਲਈ ਪਹੁੰਚ ਕੀਤੀ ਸੀ ਕਿਉਂਕਿ ਪਟਵਾਰੀ ਵਿਪਨ ਕੁਮਾਰ ਨੇ ਆਪਣੇ ਜੱਦੀ ਘਰ ਦੇ ਵਿਰਾਸਤੀ ਇੰਤਕਾਲ ਦੀ ਪ੍ਰਕਿਰਿਆ ਲਈ 5,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ। ਇਸ ਤੋਂ ਪਹਿਲਾਂ ਸ਼ਿਕਾਇਤਕਰਤਾ ਨੇ ਪਟਵਾਰੀ ਦੀ ਹਦਾਇਤ ਮੰਨਦਿਆਂ ਉਸਦੇ ਕਾਰਿੰਦੇ ਰਾਮਪਾਲ ਨੂੰ 2,000 ਰੁਪਏ ਪੇਸ਼ਗੀ ਰਿਸ਼ਵਤ ਦੇ ਦਿੱਤੀ ਸੀ। ਜਦੋਂ ਮੁਲਜ਼ਮ ਪਟਵਾਰੀ ਨੇ ਤੈਅ ਕੀਤੀ ਰਿਸ਼ਵਤ ਦੀ ਬਾਕੀ ਰਕਮ ਦੇਣ ਲਈ ਜ਼ੋਰ ਪਾਇਆ ਤਾਂ ਸ਼ਿਕਾਇਤਕਰਤਾ ਨੇ ਮੱਦਦ ਲਈ ਵਿਜੀਲੈਂਸ ਬਿਊਰੋ ਕੋਲ ਪਹੁੰਚ ਕੀਤੀ।




ਬੁਲਾਰੇ ਨੇ ਅੱਗੇ ਕਿਹਾ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਕਰਨ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਉਕਤ ਮੁਲਜ਼ਮ ਰਾਮਪਾਲ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ ਦੂਜੀ ਕਿਸ਼ਤ ਵਜੋਂ 3000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਛਾਪੇ ਦੌਰਾਨ ਪਟਵਾਰੀ ਵਿਪਨ ਕੁਮਾਰ ਗ੍ਰਿਫ਼ਤਾਰੀ ਤੋਂ ਬਚਦਾ ਹੋਇਆ ਮੌਕੇ ਤੋਂ ਭੱਜਣ ਵਿੱਚ ਕਾਮਯਾਬ ਹੋ ਗਿਆ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਉਕਤ ਮੁਲਜ਼ਮ ਅਤੇ ਪਟਵਾਰੀ ਖ਼ਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕਰ ਲਿਆ ਹੈ। ਗ੍ਰਿਫ਼ਤਾਰ ਮੁਲਜ਼ਮ ਨੂੰ ਕੱਲ੍ਹ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ, ਜਦੋਂ ਕਿ ਵਿਜੀਲੈਂਸ ਬਿਊਰੋ ਦੀਆਂ ਟੀਮਾਂ ਫਰਾਰ ਪਟਵਾਰੀ ਦਾ ਸਰਗਰਮੀ ਨਾਲ ਪਿੱਛਾ ਕਰ ਰਹੀਆਂ ਹਨ। ਇਸ ਮੁਕੱਦਮੇ ਦੀ ਹੋਰ ਜਾਂਚ ਜਾਰੀ ਹੈ।

# ਬੋਧੀ ਧਾਰਮਿਕ ਆਗੂ ਦਲਾਈ ਲਾਮਾ ਨੂੰ ਮਿਲੇਗੀ Z ਸ਼੍ਰੇਣੀ ਸੁਰੱਖਿਆ, 92 ਨੇ ਪ੍ਰਗਟਾਇਆ ਸੀ ਖ਼ਤਰੇ ਦਾ ਸ਼ੱਕ

(ਲੋਕ ਬਾਣੀ) ਗ੍ਰਹਿ ਮੰਤਰਾਲੇ ਨੇ ਤਿੱਬਤੀ ਅਧਿਆਤਮਿਕ ਆਗੂ ਦਲਾਈ ਲਾਮਾ ਨੂੰ ਜ਼ੈੱਡ ਸ਼੍ਰੇਣੀ ਦੀ ਸੁਰੱਖਿਆ ਦਿੱਤੀ ਹੈ। ਇਹ ਫੈਸਲਾ ਆਈਬੀ ਵੱਲੋਂ ਦਲਾਈ ਲਾਮਾ ਨੂੰ ਖ਼ਤਰੇ ਦੀ ਸੰਭਾਵਨਾ ਦੀ ਰਿਪੋਰਟ ਦੇਣ ਤੋਂ ਬਾਅਦ ਲਿਆ ਗਿਆ।



ਜ਼ੈੱਡ ਸੁਰੱਖਿਆ ਦੇ ਤਹਿਤ, ਦਲਾਈ ਲਾਮਾ ਨੂੰ ਕੁੱਲ 33 ਸੁਰੱਖਿਆ ਕਰਮਚਾਰੀ ਮਿਲਣਗੇ, ਜਿਸ ਵਿੱਚ ਹਿਮਾਚਲ ਪ੍ਰਦੇਸ਼ ਦੇ ਧਰਮਸ਼ਾਲਾ ਵਿੱਚ ਉਨ੍ਹਾਂ ਦੇ ਨਿਵਾਸ ਸਥਾਨ ਤੇ ਤਾਇਨਾਤ ਹਥਿਆਰਬੰਦ ਸਥਿਰ ਗਾਰਡ, ਚੌਵੀ ਘੰਟੇ ਸੁਰੱਖਿਆ ਪ੍ਰਦਾਨ ਕਰਨ ਵਾਲੇ ਨਿੱਜੀ ਸੁਰੱਖਿਆ ਅਧਿਕਾਰੀ ਅਤੇ ਸ਼ਿਫਟਾਂ ਵਿੱਚ ਹਥਿਆਰਬੰਦ ਐਸਕਾਰਟ ਕਮਾਂਡੋ ਸ਼ਾਮਲ ਹਨ। ਇਸ ਤੋਂ ਇਲਾਵਾ, ਸਿਖਲਾਈ ਪ੍ਰਾਪਤ ਡਰਾਈਵਰ ਅਤੇ ਨਿਗਰਾਨੀ ਕਰਮਚਾਰੀ ਹਮੇਸ਼ਾ ਡਿਊਟੀ ਤੇ ਰਹਿਣਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਨ੍ਹਾਂ ਦੀ ਸੁਰੱਖਿਆ ਵਿੱਚ ਕੋਈ ਕਮੀ ਨਾ ਰਹੇ।

# ਘਰ ਚ ਦਾਖ਼ਲ ਹੋਏ ਚੋਰਾਂ ਨੇ ਬਜ਼ੁਰਗ ਔਰਤ ਨੂੰ ਲੁੱਟਕੇ ਉਤਾਰਿਆ ਮੌਤ ਦੇ ਘਾਟ

ਫ਼ਾਜ਼ਿਲਕਾ (ਲੋਕ ਬਾਣੀ) ਜ਼ਿਲ੍ਹੇ ਦੇ ਪਿੰਡ ਚੂਹੜੀਵਾਲਾ ਧੰਨਾ ਵਿਖੇ ਬੀਤੀ ਰਾਤ ਲਗਪਗ 1 ਵਜੇ ਦੋ ਲੁਟੇਰਿਆਂ ਨੇ ਇੱਕ ਘਰ ਵਿੱਚ ਦਾਖਲ ਹੋ ਕੇ ਹਤਿਆਰਾ ਦੇ ਬਾਲ ਨਾਲ ਇੱਕ ਬਜ਼ੁਰਗ ਔਰਤ ਨੂੰ ਲੁੱਟ ਲਿਆ। ਜਦੋਂ ਉਸਨੇ ਰੌਲਾ ਪਾਉਣ ਦੀ ਕੋਸ਼ਿਸ਼ ਕੀਤੀ, ਤਾਂ ਲੁਟੇਰਿਆਂ ਨੇ ਉਸੇ ਤੇਜ਼ਧਾਰ ਹਥਿਆਰ ਨਾਲ ਉਸ ਤੇ ਹਮਲਾ ਕਰ ਕੇ ਉਸਦੀ ਹੱਤਿਆ ਕਰ ਦਿੱਤੀ। ਸਵੇਰ ਹੁੰਦੇ ਹੀ ਸੀਨੀਅਰ ਪੁਲਿਸ ਅਧਿਕਾਰੀ ਅਤੇ ਡੌਗ ਸਕੁਐਡ ਟੀਮਾਂ ਮੌਕੇ ਤੇ ਪਹੁੰਚ ਗਈਆਂ ਅਤੇ ਕਾਤਲਾਂ ਦੀ ਭਾਲ ਸ਼ੁਰੂ ਕਰ ਦਿੱਤੀ। ਔਰਤ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਦੇ ਮੁਰਦਾਘਰ ਵਿੱਚ ਰੱਖਿਆ ਗਿਆ ਹੈ।




ਜਾਣਕਾਰੀ ਅਨੁਸਾਰ ਖਿਆਲੀ ਦੀ ਪਤਨੀ 85 ਸਾਲਾ ਖੇਤੀ ਬਾਈ ਦੇ ਵੱਡੇ ਪੁੱਤਰ ਰਾਮ ਚੰਦ ਨੇ ਦੱਸਿਆ ਕਿ ਬੀਤੀ ਰਾਤ ਪਰਿਵਾਰਕ ਮੈਂਬਰ ਕਮਰਿਆਂ ਵਿੱਚ ਸੁੱਤੇ ਪਏ ਸਨ ਜਦੋਂ ਕਿ ਉਸਦੀ ਮਾਂ ਵੇਹੜੇ ਵਿੱਚ ਸੁੱਤੀ ਪਈ ਸੀ। ਦੇਰ ਰਾਤ, ਅਣਪਛਾਤੇ ਚੋਰ ਉਨ੍ਹਾਂ ਦੇ ਘਰ ਵਿੱਚ ਦਾਖਲ ਹੋਏ ਅਤੇ ਤੇਜ਼ਧਾਰ ਹਥਿਆਰ ਨਾਲ ਉਸਦੀ ਮਾਂ ਦੇ ਕੰਨਾਂ ਦੀਆਂ ਵਾਲੀਆਂ ਅਤੇ ਸੋਨੇ ਦਾ ਕੋਕਾ ਲੈ ਗਏ। ਜਦੋਂ ਔਰਤ ਨੇ ਰੌਲਾ ਪਾਇਆ, ਤਾਂ ਉਨ੍ਹਾਂ ਨੇ ਕਿਸੇ ਭਾਰੀ ਜਾਂ ਤਿੱਖੀ ਚੀਜ਼ ਨਾਲ ਉਸਦੇ ਸਿਰ ਤੇ ਵਾਰ ਕਰਕੇ ਉਸਦੀ ਹੱਤਿਆ ਕਰ ਦਿੱਤੀ। ਜਦੋਂ ਉਹ ਰੌਲਾ ਸੁਣ ਕੇ ਬਾਹਰ ਆਇਆ ਤਾਂ ਉਸਦੀ ਮਾਂ ਦੀ ਮੌਤ ਹੋ ਚੁੱਕੀ ਸੀ। ਉਸਨੇ ਸੀਸੀਟੀਵੀ ਕੈਮਰੇ ਚੈੱਕ ਕੀਤੇ ਅਤੇ ਦੋ ਚੋਰਾਂ ਨੂੰ ਉਨ੍ਹਾਂ ਨੇ ਭੱਜਦੇ ਵੇਖਿਆ। ਉਨ੍ਹਾਂ ਤੁਰੰਤ ਇਸ ਬਾਰੇ ਖੁਈਖੇੜਾ ਪੁਲਿਸ ਨੂੰ ਸੂਚਨਾ ਦਿੱਤੀ। ਅੱਜ ਸ਼ੁਕਰਵਾਰ ਸਵੇਰੇ ਪੁਲਿਸ ਟੀਮਾਂ ਅਤੇ ਜ਼ਿਲ੍ਹਾ ਪੁਲਿਸ ਅਧਿਕਾਰੀ ਮੌਕੇ ਤੇ ਪਹੁੰਚੇ ਅਤੇ ਘਟਨਾ ਦੀ ਜਾਂਚ ਕਰ ਦੋਸ਼ੀਆਂ ਦੀ ਭਾਲ ਕਰ ਰਹੇ ਹਨ ।

# ਡਾਕਟਰ ਨੇ ਆਸ਼ਾ ਵਰਕਰ ਨਾਲ ਮਿਲ ਕੇ ਵੇਚੀ ਨਵਜੰਮੀ ਬੱਚੀ, ਚਾਰ ਮਹੀਨੇ ਵਿਲਕਦੀ ਰਹੀ ਮਾਂ; ਮਾਮਲਾ ਦਰਜ




(ਲੋਕ ਬਾਣੀ) 12 ਅਕਤੂਬਰ 2024 ਨੂੰ ਥਾਣਾ ਲੋਪੋਕੇ ਦੇ ਪਿੰਡ ਰਾਣੀਆਂ ਦੀ ਵਸਨੀਕ ਸੀਮਾ ਕੌਰ ਦੇ ਘਰ ਇਕ ਧੀ ਦਾ ਜਨਮ ਹੋਇਆ, ਪਰ ਉਸ ਨੇ ਅੱਜ ਤੱਕ ਆਪਣੀ ਧੀ ਦਾ ਮੂੰਹ ਵੀ ਨਹੀਂ ਦੇਖਿਆ। ਕਿਉਂਕਿ ਜਿਸ ਹਸਪਤਾਲ 'ਚ ਉਸ ਨੇ ਆਪਣੀ ਧੀ ਨੂੰ ਜਨਮ ਦਿੱਤਾ ਸੀ, ਉਸ ਦੇ ਮਾਲਕ ਡਾਕਟਰ ਨੇ ਦੋ ਆਸ਼ਾ ਵਰਕਰਾਂ ਨਾਲ ਮਿਲ ਕੇ ਉਸ ਦੀ ਧੀ ਵੇਚ ਦਿੱਤੀ ਸੀ। ਅੱਜ ਵੀ ਔਰਤ ਆਪਣੀ ਧੀ ਦਾ ਚਿਹਰਾ ਦੇਖਣ ਲਈ ਤਰਸ ਰਹੀ ਹੈ। ਔਰਤ ਨੂੰ ਉਮੀਦ ਹੈ ਕਿ ਪੁਲਿਸ ਉਸ ਨੂੰ ਇਨਸਾਫ਼ ਦਿਵਾਏਗੀ ਤੇ ਉਸ ਦਾ ਬੱਚਾ ਵਾਪਸ ਦਿਵਾਏਗੀ। ਜਦੋਂ ਔਰਤ ਨੇ ਇਸ ਸਬੰਧੀ ਪੁਲਿਸ ਨੂੰ ਸ਼ਿਕਾਇਤ ਕੀਤੀ ਤਾਂ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਹਸਪਤਾਲ ਦੇ ਮਾਲਕ ਡਾ. ਪੰਕਜ ਸ਼ਰਮਾ, ਡਾ. ਸਰਬਜੀਤ ਸਿੰਘ, ਆਸ਼ਾ ਵਰਕਰ ਨੀਤੂ ਤੇ ਆਸ਼ਾ ਵਰਕਰ ਸੰਦੀਪ ਕੌਰ ਵਿਰੁੱਧ ਮਾਮਲਾ ਦਰਜ ਕਰ ਲਿਆ। ਪੁਲਿਸ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਕਰ ਰਹੀ ਹੈ। ਪੁਲਿਸ ਦਾ ਦਾਅਵਾ ਹੈ ਕਿ ਮੁਲਜ਼ਮਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ ਤੇ ਬੱਚਾ ਖਰੀਦਣ ਵਾਲਿਆਂ ਦੀ ਵੀ ਪਛਾਣ ਕੀਤੀ ਜਾਵੇਗੀ।

# ਮਿੱਠੀਆਂ ਯਾਦਾਂ ਛੱਡ ਗਿਆ ਸਾਹਿਤਕ ਸੱਥ ਖਰੜ ਵਲੋਂ ਕਰਵਾਇਆ ਸੱਭਿਆਚਾਰਕ ਪ੍ਰੋਗਰਾਮ






ਖਰੜ,16 ਫਰਵਰੀ (ਕਾਲਾ ਸਿੰਘ ਸੈਣੀ )-ਸਥਾਨਕ ਸ਼ਹਿਰ ਖਰੜ ਦੇ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਾਹਿਤਕ ਸੱਥ ਖਰੜ ਵਲੋਂ ਦੋ ਸਾਲ ਪੂਰੇ ਹੋਣ 'ਤੇ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਮੰਡਲ ਸੱਥ ਦ'ਚ ਪ੍ਰਧਾਨ ਜਸਵਿੰਦਰ ਸਿੰਘ ਕਾਈਨੌਰ,ਰਾਜਵਿੰਦਰ ਸਿੰਘ ਗੱਡੂ,ਗੁਰਮੀਤ ਸਿੰਗਲ ਅਤੇ ਮਲਕੀਤ ਸਿੰਘ ਔਜਾਲਾ ਹੋਏ। ਪ੍ਰੋਗਰਾਮ ਦੀ ਸ਼ੁਰੂਆਤ ਜਰਨਲ ਸਕੱਤਰ ਪਿਆਰਾ ਸਿੰਘ ਰਾਹੀ ਵਲੋਂ ਸੱਥ ਦੇ ਦੋ ਸਾਲਾਂ ਦੌਰਾਨ ਕੀਤੇ ਕੰਮਾਂ ਬਾਰੇ ਰਿਪੋਰਟ ਪੜਕੇ ਸੁਣਾਈ ਗਈ। ਸਾਰਿਆਂ ਵਲੋਂ ਏਨੇ ਥੋੜੇ ਸਮੇਂ ਵਿੱਚ ਕੀਤੇ ਲਗਾਤਾਰ ਕਵੀ ਦਰਬਾਰ,ਗਿਆਰਾ ਪੁਸਤਕਾਂ ਦੇ ਲੋਕ ਅਰਪਣ ਸਮਾਗਮ,ਵੱਖ-ਵੱਖ ਸ਼ਖਸੀਅਤਾਂ ਦੇ ਸਨਮਾਨ,ਨਾਮਵਰ ਲੇਖਕਾਂ ਦੇ ਰੂ-ਬ-ਰੂ ਪ੍ਰੋਗਰਾਮ ਅਤੇ ਸੱਥ ਦੇ ਮੈਂਬਰਾਂ ਦਾ ਇਕ ਸਾਂਝਾ ਕਾਵਿ ਸੰਗ੍ਰਿਹ ਪ੍ਰਕਾਸ਼ਿਤ ਕਰਵਾਉਣਾ ਆਦਿ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਖਾਲਸਾ ਕਵੀਸ਼ਰੀ ਜੱਥਾ ਗਿਆਨੀ ਰਛਪਾਲ ਸਿੰਘ ਦੇ ਜੱਥੇ ਵਲੋਂ ਕਵੀਸ਼ਰੀ ਪੇਸ਼ ਕੀਤੀ ਗਈ। ਕਵੀ ਦਰਬਾਰ ਵਿੱਚ ਤਰਸੇਮ ਸਿੰਘ ਕਾਲੇਵਾਲ,ਡਾ. ਸੰਗੀਤ ਸ਼ਰਮਾ,ਨੀਲਮ ਨਾਰੰਗ,ਗੋਪਾਲ ਸ਼ਰਮਾ,ਮਲਕੀਤ ਸਿੰਘ ਨਾਗਰਾ,ਮੰਦਰ ਗਿੱਲ ਸਾਹਿਬਚੰਦੀਆ,ਜਗਤਾਰ ਸਿੰਘ ਜੋਗ,ਖੁਸ਼ੀ ਰਾਮ ਨਿਮਾਣਾ, ਜਗਦੇਵ ਸਿੰਘ ਰਡਿਆਲਾ,ਰਮਨਿੰਦਰ ਚੌਹਾਲ,ਧਿਆਨ ਸਿੰਘ ਕਾਹਲੋਂ,ਮਨਜੀਤ ਕੌਰ ਮੁਹਾਲੀ,ਪ੍ਰਤਾਪ ਪਾਰਸ ਗੁਰਦਾਸਪੁਰੀ,ਬਲਵਿੰਦਰ ਢਿੱਲੋਂ,ਗੁਰਮੀਤ ਸਿੰਗਲ,ਜਗਚਰਣ ਸਿੰਘ,ਨਾਮਵਰ ਗੀਤਕਾਰ ਤੇ ਸ਼ਾਹਿਤਕਾਰ ਹਰਜਿੰਦਰ ਸਿੰਘ ਸਾਂਈ ਸੁਕੇਤੜੀ,ਪ੍ਰੋ.ਕੇਵਲ ਜੀਤ ਕੰਵਲ ਆਦਿ ਨੇ ਆਪੋ-ਆਪਣੀਆਂ ਕਾਵਿ ਰਚਨਾਵਾਂ ਪੇਸ਼ ਕੀਤੀਅ। ਇਸ ਤੋਂ ਅੱਗੇ ਵਧਕੇ ਗਾਇਕ ਰਵਿੰਦਰ ਰਵੀ ਨੇ 'ਮਨ ਲਾ ਲਿਆ ਬੇਪ੍ਰਵਾਹ ਦੇ ਨਾਲ' ਗਾਕੇ ਪ੍ਰੋਗਰਾਮ ਨੂੰ ਗੀਤ,ਸੰਗੀਤ ਦੇ ਰੰਗ ਵਿੱਚ ਰੰਗ ਦਿੱਤਾ। ਰਤਨ ਬਾਬਕ ਵਾਲਾ ਨੇ ਤੂੰਬੀ ਨਾਲ ਜੈਮਲ ਫੱਤਾ ਗਾਇਆ। ਰਵਿੰਦਰ ਸਿੰਘ ਲੁਬਾਣਾ ਨੇ ਛੱਲਾ ਗਾਇਆ। ਗੁਰਵਿੰਦਰ ਗੁਰੀ ਨੇ ਗੀਤ 'ਨਿੱਤ ਖੈਰ ਮੰਗਾਂ ਸੋਹਣਿਆਂ ਮੈਂ ਤੇਰੀ' ਅਤੇ ਟੱਪੇ ਗਾ ਕੇ ਰੰਗ ਬੰਨਿਆ। ਅਮਰਜੀਤ ਮੱਟੂ ਨੇ ਹਾਸਰਸ ਕਮੇਡੀ ਨਾਲ ਢਿੱਡੀ ਪੀੜਾਂ ਪਾਇਆ। ਪ੍ਰੋਗਰਾਮ ਦੇ ਆਖਿਰ ਵਿੱਚ ਸੱਥ ਦੇ ਸਕੱਤਰ ਪਿਆਰਾ ਸਿੰਘ ਰਾਹੀ ਨੇ ਆਪਣੇ ਲਿਖੇ ਟੱਪੇ ਅਤੇ ਸਾਹਿਤਕ ਬੋਲੀਆਂ ਨਾਲ ਗਿੱਧੇ ਭੰਗੜੇ ਦੀਆਂ ਬੋਲੀਆਂ ਗਾਕੇ ਪ੍ਰੋਗਰਾਮ ਨੂੰ ਸਿੱਖਰਾਂ ਤੇ ਪਹੁੰਚਾ ਦਿੱਤਾ। ਸਾਰਿਆਂ ਨੇ ਬਹੁਤ ਪਸੰਦ ਕੀਤਾ। ਪ੍ਰੋਗਰਾਮ ਨੂੰ ਸੰਗੀਤ ਧੁੰਨਾਂ ਵਿੱਚ ਹਰਮੋਨੀਅਮ ਤੇ ਰਵਿੰਦਰ ਰਵੀ ਅਤੇ ਢੋਲਕ ਤੇ ਸਾਥ ਮਾਸਟਰ ਸੰਨੀ ਵਲੋਂ ਸ਼ਿੰਗਾਰਿਆਂ ਗਿਆ। ਸਾਹਿਤਕ ਸੱਥ ਖਰੜ ਵਲੋਂ ਕਰਵਾਇਆ ਸੱਭਿਆਚਾਰ ਪ੍ਰੋਗਰਾਮ ਮਿੱਠੀਆਂ ਯਾਦਾਂ ਛੱਡ ਗਿਆ। ਇਸ ਮੌਕੇ ਸਮਾਗਮ ਵਿੱਚ ਗੁਰਦਰਸ਼ਨ ਸਿੰਘ ਕਾਕਾ,ਨਵਨੀਤ ਕੁਮਾਰ,ਦਵਿੰਦਰ,ਮੋਹਨ ਸਿੰਘ,ਪ੍ਰੀਤ,ਨਿਰੰਜਨ ਸਿੰਘ,ਕੁਲਵੀਰ ਸਿੰਘ,ਗੁਰਮਿੰਦਰ ਸਿੰਘ,ਕੁਲਦੀਪ ਕਮਲ,ਜਗਤਾਰ ਸਿੰਘ,ਨਰਿੰਦਰ ਸਿੰਘ ਐਡਵੋਕੇਟ,ਜਸਮਿੰਦਰ ਸਿੰਘ ਰਾਊ,ਸੁਖਮਿੰਦਰ ਸਿੰਘ ਪਠਾਣੀਆਂ,ਰਣਜੀਤ ਕੌਰ ਕਾਈਨੌਰ,ਜੋਗਿੰਦਰ ਸਿੰਘ ਜੋਗ,ਬਾਦਲ ਘਵੱਦੀ,ਹਰਦੇਵ ਕੋਮਲ,ਹਿੱਤ ਅਭਿਲਾਸ਼ੀ,ਮਮਤਾ ਸੂਦ,ਦਿਨੇਸ਼ ਗੰਭੀਰ,ਸੁਖਦੀਪ ਸਿੰਘ,ਸਿਮਰਨਜੀਤ ਕੌਰ,ਹਰਕੀਰਤ ਸਿੰਘ,ਕੇਸਰ ਸਿੰਘ,ਬਲਦੇਵ ਸਿੰਘ ਬਿੰਦਰਾ ਨੇ ਵੀ ਸ਼ਿਰਕਤ ਕੀਤੀ। ਸੱਥ ਵਲੋਂ ਸਾਰੇ ਕਲਾਕਾਰਾਂ ਨੂੰ ਸਨਮਾਨ ਚਿੰਨ ਦੇ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਕ ਦੀ ਜ਼ਿੰਮੇਵਾਰੀ ਪਿਆਰਾ ਸਿੰਘ ਰਾਹੀ ਵਲੋਂ ਬਾਖੂਬੀ ਨਿਭਾਉਂਦੇ ਹੋਏ ਦਰਸ਼ਕਾਂ ਨੂੰ ਕਿਲ ਕੇ ਰੱਖਿਆ।

# ਸੰਤ ਬਾਬਾ ਸੰਤੋਖ ਸਿੰਘ ਅਤੇ ਸਮੂਹ ਮਹਾਂਪੁਰਖਾਂ ਦੀ ਯਾਦ ਵਿੱਚ ਮੱਨੁਖਤਾ ਦੇ ਭਲੇ ਲਈ ਖ਼ੂਨਦਾਨ ਕੈਂਪ ਲਗਾਇਆ।



ਲੁਧਿਆਣਾ( ਸੁਖਚੈਨ ਮਹਿਰਾ)ਸੰਤ ਬਾਬਾ ਕਿਸ਼ਨ ਸਿੰਘ ਜੀ, ਸੰਤ ਬਾਬਾ ਸੰਤੋਖ ਸਿੰਘ ਜੀ, ਸੰਤ ਬਾਬਾ ਦਰਸ਼ਨ ਸਿੰਘ ਜੀ ਡੇਰਾ ਜਿਉਤੀ ਸਰੂਪ ਸਾਹਿਬ ਵਾਲਿਆਂ ਦੀ ਮਿਠੀ ਯਾਦ ਵਿੱਚ ਉਨ੍ਹਾਂ ਦੀ ਸਲਾਨਾ ਬਰਸੀ ਤੇ ਡੇਰਾ ਜੋਤੀ ਸਰੂਪ ਦੇ ਸਰਪ੍ਰਸਤ ਬਾਬਾ ਬਲਜਿੰਦਰ ਸਿੰਘ ਜੀ ਦੀ ਸਰਪ੍ਰਸਤੀ ਹੇਠ ਮਨੁੱਖਤਾ ਦੇ ਭਲੇ ਲਈ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਵੱਲੋਂ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ 785ਵਾਂ ਮਹਾਨ ਖ਼ੂਨਦਾਨ ਕੈਂਪ ਗੁਰਦੁਆਰਾ ਡੇਰਾ ਜਿਉਤੀ ਸਰੂਪ ਵਿਖੇ ਲਗਾਇਆ ਗਿਆ। ਇਸ ਮੌਕੇ ਤੇ ਬਾਬਾ ਹਰਪ੍ਰੀਤ ਸਿੰਘ ਅਤੇ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਅਤਰ ਸਿੰਘ ਜੀ ਦਲੇਰ ਗੁਰਦੁਆਰਾ ਜਿਉਤੀ ਸਰੂਪ ਵਾਲਿਆਂ ਨੇ ਖ਼ੂਨਦਾਨ ਕਰਨ ਵਾਲੀਆਂ ਸੰਗਤਾਂ ਨੂੰ ਪ੍ਰਣਾਮ ਪੱਤਰ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਤੇ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜਥੇ: ਤਰਨਜੀਤ ਸਿੰਘ ਨਿਮਾਣਾ ਨੇ ਦੱਸਿਆ ਖ਼ੂਨਦਾਨ ਕੈਂਪ ਦੌਰਾਨ ਬਲੱਡ ਪ੍ਰੀਤ ਹਸਪਤਾਲ ਦੇ ਨਿੱਘੇ ਸਹਿਯੋਗ ਨਾਲ ਇਕੱਤਰ ਕੀਤਾ ਖ਼ੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਦਿੱਤਾ ਜਾਵੇਗਾ।ਇਸ ਮੌਕੇ ਤੇ ਬਾਬਾ ਗੁਰਮੇਲ ਸਿੰਘ, ਵਰੁਣ ਸਿੰਘ ਦਿੱਲੀ, ਹਰਜਿੰਦਰ ਸਿੰਘ ਪਿੱਪਲੀ,ਡਾਕਟਰ ਅਰੋੜਾ, ਆਦਿ ਹਾਜ਼ਰ ਸਨ

# ਸਰਬਜੀਤ ਸਿੰਘ ਛਾਪਾ ਦੀ ਮਾਤਾ ਦੇ ਅਕਾਲ ਚਲਾਣਾ ਤੇ ਦੁੱਖ ਪ੍ਰਗਟਾਇਆ



ਲੁਧਿਆਣਾ (ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ): ਅਜੋਕਾ ਪੰਜਾਬ ਦੇ ਚੀਫ ਆਡੀਟਰ ਸਰਦਾਰ ਸਰਬਜੀਤ ਸਿੰਘ ਛਾਪਾ ਜੀ ਨੂੰ ਉਦੋ ਵੱਡਾ ਸਧਮਾ ਲੱਗਾ ਜੱਦੋ ਉਨ੍ਹਾ ਦੇ ਮਾਤਾ ਬੀਬੀ ਨਸੀਬ ਕੌਰ (ਧਾਰਮ ਪਤਨੀ ਸ: ਜਥੇਦਾਰ ਉਜਾਗਰ ਸਿੰਘ ਛਾਪਾ )ਅਕਾਲ ਚਲਾਣਾ ਕਰ ਗਈ। ਉਹ ਕੁਝ ਦਿਨ ਬਿਮਾਰ ਚੱਲ ਰਹੇ ਸਨ, ਮਾਤਾ ਨਸੀਬ ਕੌਰ ਜੀ ਦੀ ਉਮਰ ਲਗਭਗ ਇੱਕ ਸਦੀ ਦੇ ਕਰੀਬ ਸੀ। ਉਹ ਅਪਟੇ ਪਿੱਛੇ ਦੋ ਪੁਤਰ ਅਤੇ ਇੱਕ ਪੁੱਤਰੀ ਸਮੇਤ ਹਰਿਆ ਭਰਿਆ ਪਰਿਵਾਰ ਛੱਡ ਕੇ ਅਕਾਲ ਚਲਾਣਾ ਕਰਗੇ॥ਮਾਤਾ ਦੇ ਅਕਾਲ ਚਲਾਣਾ ਤੇ ਮਹੇਸ਼ਇੰਦਰ ਸਿੰਘ ਗਰੇਵਾਲ, ਕੁਲਵੰਤ ਸਿੰਘ ਸਿੱਧੂ ਐਮ.ਐਲ. ਏ, ਸਤਪਾਲ ਸਿੰਘ ਲਹਾਰਾ ਕੌਂਸਲਰ,ਸ਼ੋਹਨ ਸਿੰਘ ਗੋਗਾ ਕੌਂਸਲਰ,ਪਰਮਿੰਦਰ ਸਿੰਘ ਕੌਂਸਲਰ,ਹਰੀਸ਼ ਰਾਏ ਟਾਡਾ, ਜਗਮੀਤ ਸਿੰਘ, ਜਸਪਾਲ ਗੈਸ ਪੁਰਾ,ਤਰਸੇਮ ਸਿੰਘ ਭਿੰਡਰ ਚੇਅਰਮੈਨ ਇੰਪਰੂਵਮੈਂਟ ਟਰੱਸਟ, ਸੁਨੀਲ ਠਾਕੁਰ, ਹਰਪਾਲ ਸਿੰਘ ਖਾਲਸ਼ਾ,ਹਰਜੀਤ ਸਿੰਘ ਕੈਂਥ, ਹਰਪਾਲ ਸਿੰਘ, ਮਲਕੀਤ ਸਿੰਘ ਦਾਖਾ ਸਾਬਕਾ ਵਿਧਾਇਕ, ਮਨਪ੍ਰੀਤ ਸਿੰਘ ਯਾਲੀਅਤੇ ਸਮੂਹ ਪੱਤਰਕਾਰ ਭਾਇਚਾਰਾ ਵੱਲੋ ਦੁੱਖ ਪ੍ਰਗਟਾਇਆ।

# ਪ੍ਰਵਾਸੀ ਭਾਰਤੀ ਸੁਦਰਸ਼ਨ ਗਰਗ ਅਤੇ ਅੰਜੂ ਮੋਦਗਿਲ ਨੂੰ ਸ਼ਾਨਦਾਰ ਕੰਮ ਲਈ ਸਨਮਾਨਿਤ ਕੀਤਾ ਗਿਆ







ਚੰਡੀਗੜ੍ਹ, 16 ਫਰਵਰੀ 2025: ਐਨਏ ਕਲਚਰਲ ਸੋਸਾਇਟੀ ਨੇ ਇਨਰ ਵ੍ਹੀਲ ਕਲੱਬ ਚੰਡੀਗੜ੍ਹ ਸਿਟੀ ਬਿਊਟੀਫੁੱਲ ਦੇ ਸਹਿਯੋਗ ਨਾਲ ਰਾਣੀ ਲਕਸ਼ਮੀਬਾਈ ਆਡੀਟੋਰੀਅਮ, ਸੈਕਟਰ 38, ਚੰਡੀਗੜ੍ਹ ਵਿਖੇ ➾®➾ ਵੂਮੈਨਿਆ-ਐਕਸੀਲੈਂਸ ਅਵਾਰਡ ਸੀਜ਼ਨ 4 ਦਾ ਆਯੋਜਨ ਕੀਤਾ। ਪ੍ਰਵਾਸੀ ਭਾਰਤੀ ਸੁਦਰਸ਼ਨ ਗਰਗ ਅਤੇ ਅੰਜੂ ਮੋਦਗਿਲ ਨੂੰ ਉਨ੍ਹਾਂ ਦੇ ਸ਼ਾਨਦਾਰ ਕੰਮ ਲਈ ਸਨਮਾਨਿਤ ਕੀਤਾ ਗਿਆ। ਸ਼ਿਕਾਗੋ, ਅਮਰੀਕਾ ਤੋਂ ਪ੍ਰਵਾਸੀ ਭਾਰਤੀ ਸੁਦਰਸ਼ਨ ਗਰਗ ਬਹੁਤ ਸ਼ਰਧਾ ਅਤੇ ਸਮਰਪਣ ਨਾਲ ਸਮਾਜਿਕ ਕੰਮ ਕਰ ਰਹੇ ਹਨ ਜਿਵੇਂ ਕਿ ਬੱਚਿਆਂ ਲਈ ਸਿੱਖਿਆ, ਖੇਡਾਂ, ਬੇਸਹਾਰਾ ਬੱਚਿਆਂ ਲਈ ਵਿੱਤੀ ਮਦਦ, ਗਰੀਬ ਕੁੜੀਆਂ ਦੀ ਮਦਦ, ਭਾਰਤੀ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਵਾਲਿਆਂ ਦੀ ਮਦਦ, ਸਾਫ਼ ਵਾਤਾਵਰਣ, ਜਾਨਵਰਾਂ ਲਈ ਪਿਆਰ ਆਦਿ। ਅੰਜੂ ਮੋਦਗਿਲ, ਮਹਾਰਿਸ਼ੀ ਦਯਾਨੰਦ ਪਬਲਿਕ ਸਕੂਲ, ਪਿੰਡ ਦਰਿਆ, ਚੰਡੀਗੜ੍ਹ ਦੀ ਵਾਈਸ ਪ੍ਰਿੰਸੀਪਲ ਹੈ।

ਉਨ੍ਹਾਂ ਨੂੰ ਸਿੱਖਿਆ ਦੇ ਖੇਤਰ ਵਿੱਚ ਲਗਭਗ 30 ਸਾਲਾਂ ਦਾ ਤਜਰਬਾ ਹੈ। ਖੇਡਾਂ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਹਨ। ਕਈ ਖਿਡਾਰੀਆਂ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਅੱਜਕੱਲ੍ਹ ਉਹ ਇੱਕ ਪੇਂਡੂ ਸਕੂਲ ਵਿੱਚ ਸੇਵਾ ਨਿਭਾ ਰਹੀ ਹੈ। ਉਸਨੇ ਆਪਣੀ ਤਨਖਾਹ ਦਾ ਵੱਧ ਤੋਂ ਵੱਧ ਹਿੱਸਾ ਪਿੰਡ ਦੇ ਸਕੂਲ ਨੂੰ ਦਾਨ ਕਰ ਦਿੱਤਾ। ਇਹ ਪੇਂਡੂ ਬੱਚਿਆਂ ਦੀ ਸਿੱਖਿਆ ਨੂੰ ਉੱਚਾ ਚੁੱਕਣ ਲਈ ਉਸਦੇ ਪਿਆਰ ਨੂੰ ਦਰਸਾਉਂਦਾ ਹੈ। ਉਸਨੇ ਇੰਨੀ ਚੰਗੀ ਤਨਖਾਹ ਨੂੰ ਠੁਕਰਾ ਦਿੱਤਾ ਅਤੇ ਪਿੰਡ ਦੇ ਸਕੂਲ ਵਿੱਚ ਸੇਵਾ ਕਰਨ ਦੀ ਚੋਣ ਕੀਤੀ। ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਉਨ੍ਹਾਂ ਦਾ ਮਹੱਤਵਪੂਰਨ ਯੋਗਦਾਨ ਹੈ। ਪਿੰਡ ਦੇ ਲੋਕ ਉਸਦੀ ਸੇਵਾ ਤੋਂ ਪ੍ਰਭਾਵਿਤ ਹਨ।

# ਨਗਰ ਨਿਗਮ ਨੇ 12 ਹੋਟਲਾਂ ਦੇ ਸੀਵਰੇਜ ਅਤੇ ਪਾਣੀ ਦੇ ਕੁਨੈਕਸ਼ਨ ਕੱਟੇ




ਅੰਮ੍ਰਿਤਸਰ,15 ਫਰਵਰੀ (ਅਰਵਿੰਦਰ ਵੜੈਚ)- ਨਗਰ ਨਿਗਮ ਨੇ ਕਟੜਾ ਆਹਲੂਵਾਲੀਆ, ਜਲੇਬੀ ਵਾਲਾ ਚੌਕ, ਅੰਦੂਰਣ ਸ਼ੇਰਾਵਾਲਾ ਗੇਟ, ਛੇਹਰਟਾ ਅਤੇ ਪੂਰਬੀ ਜ਼ੋਨ ਦੇ ਖੇਤਰਾਂ ਵਿੱਚ ਗੈਰ-ਕਾਨੂੰਨੀ ਤੌਰ ਤੇ ਬਣਾਏ ਗਏ 12 ਹੋਟਲਾਂ ਦੇ ਸੀਵਰੇਜ ਅਤੇ ਪਾਣੀ ਦੇ ਕੁਨੈਕਸ਼ਨ ਕੱਟ ਦਿੱਤੇ ਹਨ। ਨਗਰ ਨਿਗਮ ਦੇ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਕਿਹਾ ਕਿ ਇਨ੍ਹਾਂ ਹੋਟਲਾਂ ਨੂੰ ਪਹਿਲਾਂ ਨਗਰ ਨਿਗਮ ਵੱਲੋਂ ਸੀਲ ਕਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਲੋਕਾਂ ਨੇ ਨਕਸ਼ੇ ਨੂੰ ਮਨਜ਼ੂਰੀ ਦਿੱਤੇ ਬਿਨਾਂ ਹੀ ਇਨ੍ਹਾਂ ਹੋਟਲਾਂ ਦੀ ਉਸਾਰੀ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਹੋਟਲ ਮਾਲਕਾਂ ਨੇ ਸੀਵਰੇਜ ਅਤੇ ਪਾਣੀ ਦੇ ਕੁਨੈਕਸ਼ਨ ਗੈਰ-ਕਾਨੂੰਨੀ ਢੰਗ ਨਾਲ ਲਗਾਏ ਸਨ। ਉਨ੍ਹਾਂ ਕਿਹਾ ਕਿ ਨਗਰ ਨਿਗਮ ਦੇ ਸੀਵਰੇਜ ਅਤੇ ਪਾਣੀ ਵਿਭਾਗ ਦੇ ਅਧਿਕਾਰੀਆਂ ਨੂੰ ਇਨ੍ਹਾਂ 29 ਗੈਰ-ਕਾਨੂੰਨੀ ਤੌਰ ਤੇ ਬਣਾਏ ਗਏ ਹੋਟਲਾਂ ਦੇ ਸੀਵਰੇਜ ਅਤੇ ਪਾਣੀ ਦੇ ਕੁਨੈਕਸ਼ਨ ਕੱਟਣ ਦੇ ਹੁਕਮ ਜਾਰੀ ਕੀਤੇ ਗਏ ਹਨ। ਜਿਸ ਵਿੱਚ ਅੱਜ 12 ਹੋਟਲਾਂ ਦੇ ਸੀਵਰੇਜ ਅਤੇ ਪਾਣੀ ਦੇ ਕੁਨੈਕਸ਼ਨ ਕੱਟ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਬਾਕੀ 17 ਹੋਟਲਾਂ ਦੇ ਸੀਵਰੇਜ ਅਤੇ ਪਾਣੀ ਦੇ ਕੁਨੈਕਸ਼ਨ ਵੀ ਕੱਟ ਦਿੱਤੇ ਜਾਣਗੇ।

## ਬਿਜਲੀ ਕੁਨੈਕਸ਼ਨ ਕੱਟਣ ਲਈ PSPCL ਨੂੰ ਪੱਤਰ ਜਾਰੀ

ਕਾਰਪੋਰੇਸ਼ਨ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਕਿਹਾ ਕਿ ਪੀਐਸਪੀਸੀਐਲ ਸਿਟੀ ਸਰਕਲ ਦੇ ਐਸਈ ਗੁਰਸ਼ਰਨ ਸਿੰਘ ਖਹਿਰਾ ਨਾਲ ਵਿਸਥਾਰਤ ਵਿਚਾਰ-ਵਟਾਂਦਰਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੀਐਸਪੀਸੀਐਲ ਵੱਲੋਂ ਇਨ੍ਹਾਂ ਗੈਰ-ਕਾਨੂੰਨੀ ਹੋਟਲਾਂ ਦੇ ਬਿਜਲੀ ਕੁਨੈਕਸ਼ਨ ਵੀ ਕੱਟ ਦਿੱਤੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਨਗਰ ਨਿਗਮ ਵੱਲੋਂ ਪੀਐਸਪੀਸੀਐਲ ਨੂੰ ਬਿਜਲੀ ਕੁਨੈਕਸ਼ਨ ਕੱਟਣ ਲਈ ਪੱਤਰ ਜਾਰੀ ਕਰ ਦਿੱਤਾ ਗਿਆ ਹੈ। ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਕਿਹਾ ਕਿ ਨਕਸ਼ੇ ਨੂੰ ਮਨਜ਼ੂਰੀ ਦਿੱਤੇ ਬਿਨਾਂ ਗੈਰ-ਕਾਨੂੰਨੀ ਉਸਾਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਨਗਰ ਨਿਗਮ ਗੈਰ-ਕਾਨੂੰਨੀ ਉਸਾਰੀਆਂ ਵਿਰੁੱਧ ਕਾਰਵਾਈ ਜਾਰੀ ਰੱਖੇਗਾ। ਉਨ੍ਹਾਂ ਲੋਕਾਂ ਨੂੰ ਨਗਰ ਨਿਗਮ ਤੋਂ ਨਕਸ਼ਾ ਮਨਜ਼ੂਰ ਕਰਵਾਉਣ ਤੋਂ ਬਾਅਦ ਹੀ ਉਸਾਰੀ ਸ਼ੁਰੂ ਕਰਨ ਦੀ ਅਪੀਲ ਵੀ ਕੀਤੀ।

# ਖਪਤਕਾਰਾਂ ਨਾਲ ਧਾਂਦਲੀ ਬਰਦਾਸ਼ਤ ਤੋਂ ਬਾਹਰ 19 ਫਰਵਰੀ ਨੂੰ ਸਬੰਧਿਤ ਗੈਸ ਏਜੰਸੀ ਅੱਗੇ ਦੇਵਾਂਗੇ ਧਰਨਾ : ਘਰਾਚੋ



ਸ਼ੇਰਪੁਰ, 15 ਫਰਵਰੀ ( ਹਰਜੀਤ ਸਿੰਘ ਕਾਤਿਲ , ਬੀ ਐਸ ਧਾਲੀਵਾਲ )- ਬਲਾਕ ਸ਼ੇਰਪੁਰ ਦੇ ਪਿੰਡ ਰਾਮਨਗਰ ਛੰਨਾ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਇੱਕ ਜ਼ਿਲ੍ਹਾ ਪੱਧਰੀ ਮੀਟਿੰਗ ਗੁਰਦੁਆਰਾ ਸੰਗਤਸਰ ਸਾਹਿਬ ਰਾਮਨਗਰ ਛੰਨਾ ਵਿਖੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਸਿੰਘ ਛੰਨਾ ਦੀ ਅਗਵਾਈ ਵਿੱਚ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਕਰਮਜੀਤ ਸਿੰਘ ਛੰਨਾ ਨੇ ਕਿਹਾ ਕਿ ਜਥੇਬੰਦੀ ਦਾ ਸੂਬਾ ਪੱਧਰੀ ਇਜਲਾਸ ਮਸਤੂਆਣਾ ਸਾਹਿਬ ਵਿਖੇ 22 ਅਤੇ 23 ਫਰਵਰੀ ਨੂੰ ਰੱਖਿਆ ਗਿਆ ਹੈ ।ਜਿਸ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ ਹੈ ਅਤੇ ਡੈਲੀਗੇਟ ਲਿਸਟਾਂ ਲਈਆਂ ਗਈਆਂ ਹਨ। ਮੀਟਿੰਗ ਦੌਰਾਨ ਹੋਰ ਵੀ ਵੱਖ-ਵੱਖ ਪਹੁੰਚੇ ਆਗੂਆਂ ਵੱਲੋਂ ਸਰਕਾਰਾਂ ਦੀਆਂ ਕਿਸਾਨ ਮਾਰੂ ਮਾੜੀਆਂ ਨੀਤੀਆਂ ਕਿਸਾਨੀ ਦੇ ਭਖਦੇ ਮਸਲਿਆਂ ਅਤੇ ਕਿਸਾਨੀ ਮੰਗਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ।ਮੀਟਿੰਗ ਨੂੰ ਸੰਬੋਧਨ ਕਰਦਿਆਂ ਜਿਲਾ ਖਜਾਨਚੀ ਸੁਖਦੇਵ ਸਿੰਘ ਘਰਾਚੋ ਨੇ ਕਿਹਾ ਕਿ ਕੁੱਝ ਗੈਸ ਏਜੰਸੀ ਵਾਲਿਆਂ ਵੱਲੋਂ ਖਪਤਕਾਰਾਂ ਨਾਲ ਧੋਖੇਬਾਜੀ ਦਾ ਮਾਮਲਾ ਸਾਡੇ ਧਿਆਨ ਵਿੱਚ ਆਇਆ ਹੈ, ਜਿਸ ਦੀ ਤਾਜਾ ਮਿਸਾਲ ਪਿਛਲੇ ਦਿਨੀ ਇੱਕ ਗੈਸ ਏਜੰਸੀ ਵਾਲਿਆਂ ਵੱਲੋਂ ਰਾਮਨਗਰ ਛੰਨਾ ਵਿਖੇ ਵੇਖਣ ਨੂੰ ਮਿਲੀ ਜਦੋਂ ਇੱਕ ਖਪਤਕਾਰ ਨੂੰ ਗੈਸ ਦੀ ਜਗ੍ਹਾ ਹਵਾ ਭਰਿਆ ਗੈਸ ਸਲਿੰਡਰ ਦੇ ਦਿੱਤਾ ਗਿਆ। ਜਿਸ ਕਰਕੇ ਖਪਤਕਾਰ ਨੂੰ ਕਾਫੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਇਹ ਸਾਰਾ ਮਾਮਲਾ ਗੈਸ ਏਜੰਸੀ ਮਾਲਕ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਵੀ ਉਹਨਾਂ ਵੱਲੋਂ ਟਾਲਮਟੋਲ ਦੀ ਨੀਤੀ ਬਣਾਈ ਜਾ ਰਹੀ ਹੈ । ਜਿਸ ਦੇ ਤਹਿਤ 19 ਫਰਵਰੀ ਨੂੰ ਸੰਦੌੜ ਵਿਖੇ ਸਬੰਧਿਤ ਗੈਸ ਏਜੰਸੀ ਅੱਗੇ ਧਰਨਾ ਲਗਾਇਆ ਜਾਵੇਗਾ ਜਿਸ ਦੀਆਂ ਤਿਆਰੀਆਂ ਅਤੇ ਡਿਊਟੀਆਂ ਲਗਾਈਆਂ ਜਾ ਚੁੱਕੀਆਂ ਹਨ ਅਤੇ ਅੱਜ ਇਸ ਗੈਸ ਏਜੰਸੀ ਵਾਲੇ ਦੇ ਖਿਲਾਫ ਰਾਮਨਗਰ ਛੰਨਾ ਵਿਖੇ ਨਾਅਰੇਬਾਜ਼ੀ ਕਰਦਿਆਂ ਇਕ ਰੈਲੀ ਵੀ ਕੱਢੀ ਗਈ। ਸਬੰਧਤ ਗੈਸ ਏਜੰਸੀ ਦੇ ਮੈਨੇਜਰ ਜਗਦੀਪ ਸਿੰਘ ਵੱਲੋ ਕਿਹਾ ਜਾ ਚੁੱਕਾ ਹੈ ਕਿ ਨਵੇਂ ਸਿਲੰਡਰ ਵਿੱਚ ਅਜਿਹੀ ਸਮੱਸਿਆ ਆ ਸਕਦੀ ਹੈ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਇਸ ਖਪਤਕਾਰ ਨੇ ਜੋ ਸਿਲੰਡਰ ਲਿਆ ਹੈ ਉਹ ਵੀ ਨਵਾਂ ਹੀ ਹੋਵੇਗੀ ਕਿਉਂਕਿ ਅਜਿਹੀ ਪ੍ਰੇਸ਼ਾਨੀ ਨਵੇਂ ਸਿਲੰਡਰ 'ਚ ਹੀ ਆ ਸਕਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਜਿਹੀ ਸਮੱਸਿਆ ਏਜੰਸੀ ਦੇ ਪੱਧਰ ਦੀ ਹੀ ਨਹੀਂ ਹੁੰਦੀ। ਉਨ੍ਹਾਂ ਵੱਲੋਂ ਸਬੰਧਤ ਖਪਤਕਾਰ ਨੂੰ ਹੋਰ ਸਿਲੰਡਰ ਦੇਣ ਦੀ ਵੀ ਪੇਸ਼ਕਸ਼ ਕੀਤੀ ਜਾ ਚੁੱਕੀ ਹੈ ।

## ,*ਸੱਚੇ ਸੱਚ*,,,,,

ਬਿੜਕ ਨਾਲ ਸੌਣ ਚੰਗਾ।
ਸੁਭਾ ਵੇਲੇ ਨਾਹੁਣ ਚੰਗਾ
ਵੱਤ ਵੇਲੇ ਵਾਹੁਣ ਚੰਗਾ।
ਬੀਜ ਚੰਗੇ ਫੁੱਟਦੇ।
ਸ਼ਹਿਰਾਂ ਵਿੱਚ ਰਸ਼ ਚੰਗਾ।
ਰੱਸੇ ਨੂੰ ਹੁੰਦਾ ਕਸ ਚੰਗਾ।
ਮਿੱਠਾ ਹੋਵੇ ਰਸ ਚੰਗਾ।
ਕੋੜੇ ਨੂੰ ਥੁੱਕਦੇ।
ਪਿਆਰ ਦਾ ਬੋਲ ਚੰਗਾ।
ਪੂਰਾ ਪੂਰਾ ਤੋਲ ਚੰਗਾ।
ਵਿਆਹ ਵਿੱਚ ਢੋਲ ਚੰਗਾ।
ਹੁੰਦੇ ਜਾਂਨੀ ਬੁੱਕਦੇ।
ਬਿਸਤਰਾ ਨਰਮ ਚੰਗਾ।
ਕੀਤਾ ਜੋ ਕਰਮ ਚੰਗਾ।
ਹੁੰਦਾ ਉਹ ਧਰਮ ਚੰਗਾ।
ਜਿੱਥੋਂ ਪਾਪ ਧੁਪਦੇ।
ਜਾਗ ਨੂੰ ਸਵੇਰ ਚੰਗਾ।
ਮਰਦ ਦਲੇਰ ਚੰਗਾਂ।
ਪਾਪੀਆਂ ਹਨੇਰ ਚੰਗਾ।
ਜਿੱਥੇ ਉਹ ਲੁਕਦੇ।
ਮਾੜਿਆਂ ਤੋਂ ਪਾਸਾ ਚੰਗਾ।
ਖੁਸ਼ੀ ਵੇਲੇ ਹਾਸਾ ਚੰਗਾ।
ਲਾਉਣਾ ਗਾਸ਼ਾ ਚੰਗਾ।
ਮਾਰੇ ਜੋ ਭੁੱਖਦੇ।
ਪੱਤੋ, ਨੂੰ ਪਿਆਰ ਚੰਗਾ।
ਯਾਰ ਦਿਲਦਾਰ ਚੰਗਾ।
ਜਿੱਤ ਵੇਲੇ ਹਾਰ ਚੰਗਾ।
ਵੇਖ ਲੋਕ ਝੁਕਦੇ।

ਹਰਪ੍ਰੀਤ ਪੱਤੋ
ਪਿੰਡ ਪੱਤੋ ਹੀਰਾ
ਸਿੰਘ ਮੋਗਾ

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਪੰਜਾਬ ਦੇ ਲੱਖਾਂ ਡਰਾਈਵਿੰਗ ਲਾਇਸੈਂਸ ਧਾਰਕਾਂ ਨੂੰ ਵੱਡਾ ਝਟਕਾ





ਲੁਧਿਆਣਾ (ਵਰਿੰਦਰ ਪ੍ਰਕਾਸ਼ ਭਾਂਬਰੀ / ਸੁਖਚੈਨ ਮਹਿਰਾ)- ਪੰਜਾਬ ਵਿੱਚ ਲਗਭਗ 5 ਲੱਖ ਲੋਕ ਆਪਣੇ ਡਰਾਈਵਿੰਗ ਲਾਇਸੈਂਸ ਅਤੇ ਰਜਿਸਟ੍ਰੇਸ਼ਨ ਸਰਟੀਫਿਕੇਟ ਦੀ ਉਡੀਕ ਕਰ ਰਹੇ ਹਨ ਕਿਉਂਕਿ ਟਰਾਂਸਪੋਰਟ ਵਿਭਾਗ ਨੇ ਪਿਛਲੇ 4 ਮਹੀਨਿਆਂ ਤੋਂ ਇਹ ਦਸਤਾਵੇਜ਼ ਜਾਰੀ ਨਹੀਂ ਕੀਤੇ ਹਨ। ਅਜਿਹੀ ਸਥਿਤੀ ਵਿੱਚ, ਲੋਕ ਚਲਾਨ ਹੋਣ ਤੋਂ ਬਹੁਤ ਡਰਦੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਟਰਾਂਸਪੋਰਟ ਵਿਭਾਗ ਨੂੰ 15 ਜੂਨ, 2024 ਤੱਕ ਜ਼ੀਰੋ ਪੈਂਡੈਂਸੀ ਯਕੀਨੀ ਬਣਾਉਣ ਲਈ ਕਿਹਾ ਸੀ, ਪਰ ਸਥਿਤੀ ਬਿਲਕੁਲ ਉਲਟ ਹੈ।ਧਿਆਨ ਦੇਣ ਯੋਗ ਹੈ ਕਿ ਇਸ ਕੰਮ ਨੂੰ ਸੰਭਾਲ ਰਹੀ ਮੈਸਰਜ਼ ਸਮਾਰਟ ਚਿੱਪ ਪ੍ਰਾਈਵੇਟ ਲਿਮਟਿਡ ਨੇ ਲਾਗਤ ਨਾਲ ਸਬੰਧਤ ਮੁੱਦਿਆਂ ਕਾਰਨ ਨਵੰਬਰ 2023 ਵਿੱਚ ਕੰਮ ਬੰਦ ਕਰ ਦਿੱਤਾ ਸੀ। ਨਵੇਂ ਵਿਕਰੇਤਾਵਾਂ, ਜਿਨ੍ਹਾਂ ਨੂੰ ਸਤੰਬਰ 2025 ਤੱਕ ਕੰਮ ਪੂਰਾ ਕਰਨ ਲਈ ਟੈਂਡਰ ਦਿੱਤਾ ਗਿਆ ਸੀ, ਨੇ ਅਜੇ ਤੱਕ ਕੰਮ ਸ਼ੁਰੂ ਨਹੀਂ ਕੀਤਾ ਹੈ। ਟਰਾਂਸਪੋਰਟ ਵਿਭਾਗ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਵਿਭਾਗ ਕਈ ਕੰਪਨੀਆਂ ਨਾਲ ਗੱਲਬਾਤ ਕਰ ਰਿਹਾ ਹੈ। ਉਨ੍ਹਾਂ ਨੇ ਉਮੀਦ ਪ੍ਰਗਟਾਈ ਕਿ ਆਰਸੀ ਅਤੇ ਡੀਐਲ ਦੀ ਪ੍ਰਿੰਟਿੰਗ ਜਲਦ ਹੀ ਸ਼ੁਰੂ ਹੋ ਜਾਵੇਗੀ।ਹਰ ਰੋਜ਼ 10 ਹਜ਼ਾਰ ਨਵੇਂ ਪੈਂਡਿੰਗ ਕੇਸ ਵੱਧ ਰਹੇ ਹਰ ਰੋਜ਼ ਸੂਬੇ ਤੋਂ 10,000 ਤੋਂ ਵੱਧ ਲੋਕ ਇੰਤਜ਼ਾਰ ਵਿੱਚ ਸ਼ਾਮਲ ਹੋ ਰਹੇ ਹਨ, ਅਤੇ ਇਹ ਅੰਕੜਾ ਰੋਜ਼ਾਨਾ ਵੱਧ ਰਿਹਾ ਹੈ। ਹੁਣ ਤੱਕ 5 ਲੱਖ ਤੋਂ ਵੱਧ ਆਰਸੀ ਅਤੇ ਡਰਾਈਵਿੰਗ ਲਾਇਸੈਂਸ ਪ੍ਰਿੰਟ ਨਹੀਂ ਕੀਤੇ ਗਏ ਹਨ। ਟਰਾਂਸਪੋਰਟ ਵਿਭਾਗ ਨੇ ਪੁਲਿਸ ਨੂੰ ਡੀ.ਜੀ. ਨੂੰ ਗ੍ਰਿਫ਼ਤਾਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਲਾਕਰ ਜਾਂ ਟ੍ਰਾਂਸਪੋਰਟ ਐਪ ਤੋਂ ਡਾਊਨਲੋਡ ਕੀਤੇ ਆਰਸੀ ਅਤੇ ਡੀਐਲ ਨੂੰ ਵੈਧ ਮੰਨਿਆ ਜਾਣਾ ਚਾਹੀਦਾ ਹੈ ਪਰ ਇਸ ਦੇ ਬਾਵਜੂਦ ਲੋਕ ਘਰੋਂ ਬਾਹਰ ਨਿਕਲਣ ਤੋਂ ਡਰਦੇ ਹਨ ਕਿਉਂਕਿ ਉਨ੍ਹਾਂ ਦਾ ਡਰਾਈਵਿੰਗ ਲਾਇਸੈਂਸ ਅਤੇ ਆਰਸੀ ਗੁੰਮ ਹੋ ਸਕਦਾ ਹੈ। ਇਸ ਤੋਂ ਬਿਨਾਂ ਉਨ੍ਹਾਂ ਦਾ ਚਲਾਨ ਨਹੀਂ ਕੀਤਾ ਜਾਣਾ ਚਾਹੀਦਾ। ਹਾਲਾਂਕਿ, ਅਧਿਕਾਰੀ ਨੇ ਕਿਹਾ ਕਿ ਆਰ.ਸੀ. ਅਤੇ ਡੀ.ਐਲ. ਸਮਾਰਟ ਕਾਰਡ ਲੋਕਾਂ ਦਾ ਅਧਿਕਾਰ ਹਨ ਅਤੇ ਇਨ੍ਹਾਂ ਨੂੰ ਜਲਦੀ ਤੋਂ ਜਲਦੀ ਜਾਰੀ ਕੀਤਾ ਜਾਣਾ ਚਾਹੀਦਾ ਹੈ।

**ਪੰਜਾਬ ਦਾ ਟਰਾਂਸਪੋਰਟ ਵਿਭਾਗ ਹੋਇਆ ਫੇਲ – ਆਸ਼ੀਸ਼ ਅਵਸਥੀ**

ਇਸ ਮੌਕੇ ਜ਼ਿਲ੍ਹਾ ਕਾਂਗਰਸ ਸੇਵਾ ਦਲ ਦੇ ਪ੍ਰਧਾਨ ਅਸ਼ੀਸ਼ ਅਵਸਥੀ ਨੇ ਪੰਜਾਬ ਸਰਕਾਰ ਤੇ ਤੰਜ ਕਸਦਿਆਂ ਕਿਹਾ ਕਿ ਇਹ 70 ਸਾਲ ਚ ਪਹਿਲੀ ਵਾਰ ਅਜਿਹਾ ਹੋਇਆ ਕਿ ਲੋਕ ਆਪਣੇ ਲਾਇਸੈਂਸ ਤੇ ਆਰ ਸੀ ਬਣਵਾਉਣ ਲਈ ਬਹੁਤ ਖੱਜਲ ਖੁਆਰ ਹੋ ਰਹੇ ਹਨ।ਪੰਜਾਬ ਦੇ ਮੁੱਖ ਮੰਤਰੀ ਆਪਣੇ ਆਕਾ ਕੇਜਰੀਵਾਲ ਦੇ ਹੁਕਮ ਦਾ ਇਤਜ਼ਾਰ ਕਰ ਰਹੇ ।ਪੰਜਾਬ ਦੇ ਲੋਕਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੇ।ਪੰਜਾਬ ਦੇ ਲੋਕ ਆਪ ਸਰਕਾਰ ਤੋਂ ਦੁੱਖੀ ਹਨ।ਲੋਕ 2027 ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਮੂੰਹ ਤੋੜਵਾਂ ਜਵਾਬ ਦੇਣ ਗਏ ਤੇ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਬਹੁਮਤ ਨਾਲ ਬਣਾਉਣ ਗਏ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਗ੍ਰਾਮ ਲੁਧਿਆਣਾ ਵੱਲੋਂ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਪਰਿਵਾਰਾਂ ਅਤੇ ਵੰਸ਼ਜਾ ਨੂੰ ਕੀਤਾ ਜਾਏਗਾ ਸਨਮਾਨਿਤ




ਲੁਧਿਆਣਾ 15 ਫਰਵਰੀ (ਸੁਖਚੈਨ ਮਹਿਰਾ)ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਗ੍ਰਾਮ ਲੁਧਿਆਣਾ, ਨਜ਼ਦੀਕ ਮਾਲਵਾ ਸਕੂਲ ਕੋਚਰ ਮਾਰਕਿਟ ਵੱਲੋਂ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ (ਜਿਨਾਂ ਨੇ ਠੰਡੇ ਬੁਰਜ ਵਿੱਚ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਨੂੰ ਦੁੱਧ ਛਕਾਇਆ ਗਿਆ ) ਤੇ ਉਸ ਟਾਈਮ ਦੀਆਂ ਹਕੂਮਤ ਨੇ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਦਾ ਸਾਰਾ ਪਰਿਵਾਰ ਕੋਲੂ ਵਿੱਚ ਪੀੜ ਦਿੱਤਾ ਗਿਆ।ਉਹਨਾਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਉਨਾਂ ਦੇ ਮਹਿਰਾ ਪਰਿਵਾਰ ਦੇ ਵੰਸ਼ਜਾਂ ਨੂੰ ਮਿਤੀ 16 ਫਰਵਰੀ 2025 ਦਿਨ ਐਤਵਾਰ ਸਮਾਂ ਸਵੇਰੇ 11 ਤੋ 2 ਵੱਜੇ ਉਹਨਾਂ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਗ੍ਰਾਮ ਕੋਚਰ ਮਾਰਕੀਟ ਵੱਲੋਂ ਸਨਮਾਨਿਤ ਕੀਤਾ ਜਾਵੇਗਾ। ਸਾਰੇ ਹੀ ਮਹਿਰਾ ਬਰਾਦਰੀ ਦੇ ਪਰਿਵਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕੀ ਵੱਧ ਤੋਂ ਵੱਧ ਸੰਗਤਾਂ ਪਹੁੰਚਣ ਦੀ ਕਿਰਪਾਲਤਾ ਕਰਨ ਜੀ

# ਯੂਪੀ ਦੇ ਸਿਹਤ ਵਿਭਾਗ ਵਿੱਚ ਨਿਯੁਕਤੀਆਂ ਨੂੰ ਲੈ ਕੇ ਸਰਗਰਮ ਰੈਕੇਟ ਬਣਿਆ ਚਰਚਾ ਦਾ ਵਿਸ਼ਾ: HMKP ਨੇ ਕੀਤੀ ਕਾਰਵਾਈ ਦੀ ਮੰਗ

ਕਾਨਪੁਰ। ( ਸੁਨੀਲ ਬਾਜਪਾਈ) ਉੱਤਰ ਪ੍ਰਦੇਸ਼ ਚ ਕੁਝ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਮਿਲੀਭੁਗਤ ਨਾਲ ਇਕ ਅਜਿਹਾ ਹੀ ਖੋਖਲਾ ਗਰੋਹ ਸਰਗਰਮ ਹੈ, ਜੋ ਸਿਹਤ ਵਿਭਾਗ ਚ ਮਹਿੰਗੇ ਭਾਅ ਤੇ ਨੌਕਰੀਆਂ ਦਿਵਾਉਣ ਲਈ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਵਿਭਾਗੀ ਸੂਤਰਾਂ ਵੱਲੋਂ ਕੀਤੇ ਦਾਅਵਿਆਂ ਦੀ ਮੰਨੀਏ ਤਾਂ ਇਸ ਗਰੋਹ ਦੀ ਬਦੌਲਤ ਹੀ ਸਿਹਤ ਵਿਭਾਗ ਦੇ ਕਈ ਅਧਿਕਾਰੀ ਤੇ ਕਰਮਚਾਰੀ ਆਪਣੀ ਆਮਦਨ ਤੋਂ ਵੱਧ ਲੱਖਾਂ ਕਰੋੜਾਂ ਦੀ ਬੇਨਾਮੀ ਚੱਲ-ਅਚੱਲ ਜਾਇਦਾਦ ਦੇ ਮਾਲਕ ਬਣਨ ਵਿੱਚ ਕਾਮਯਾਬ ਹੋਏ ਹਨ। ਸਿਹਤ ਵਿਭਾਗ ਵਿੱਚ ਇਸ ਵੱਡੇ ਆਰਥਿਕ ਭ੍ਰਿਸ਼ਟਾਚਾਰ ਦਾ ਅਸਲ ਕਾਰਨ ਮੁੱਖ ਤੌਰ 'ਤੇ ਰਿਸ਼ਵਤ 'ਤੇ ਨਿਯੁਕਤੀਆਂ ਦੀ ਖੇਡ ਦੱਸਿਆ ਜਾਂਦਾ ਹੈ। ਯੋਗੀ ਸਰਕਾਰ ਤੋਂ ਇਸ ਮਾਮਲੇ ਦੀ ਜਾਂਚ ਕਰਕੇ ਬਣਦੀ ਕਾਰਵਾਈ ਕਰਨ ਦੀ ਮੰਗ ਵੀ ਕੀਤੀ ਗਈ ਹੈ।

ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਸਿੱਧੀ ਭਰਤੀ ਤੇ ਰੋਕ ਲੱਗਣ ਤੋਂ ਬਾਅਦ ਵੀ ਸਿਹਤ ਵਿਭਾਗ ਦੇ ਅਧਿਕਾਰੀ ਅਤੇ ਵਿਚੋਲੇ ਅਤੇ ਸਰਕਾਰੀ ਤੰਤਰ ਦੇ ਕੁਝ ਲੋਕ ਪੱਕੀ ਨਿਯੁਕਤੀ ਕਰਵਾਉਣ ਲਈ ਪਹਿਲਾਂ ਠੇਕੇ ਤੇ ਭਰਤੀ ਅਤੇ ਆਊਟ ਸੋਰਸਿੰਗ ਕਰਨ ਦੇ ਨਾਲ-ਨਾਲ ਨਿਯੁਕਤੀ ਨਾ ਕਰਨ ਵਾਲੇ ਅਧਿਕਾਰੀਆਂ ਨੂੰ ਦੋਸ਼ੀ ਬਣਾ ਕੇ ਉਨ੍ਹਾਂ ਵਿਰੁੱਧ ਕਿਰਤ ਅਦਾਲਤਾਂ ਵਿਚ ਕੇਸ ਦਾਇਰ ਕਰਦੇ ਹਨ।

ਸੂਤਰਾਂ ਅਨੁਸਾਰ ਇਸ ਤੋਂ ਬਾਅਦ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਉਦਾਸੀਨਤਾ ਦਿਖਾਉਂਦੇ ਹੋਏ ਇੱਕ ਤਰਫਾ ਹੁਕਮ ਜਾਰੀ ਕਰ ਦਿੱਤੇ ਜਾਂਦੇ ਹਨ ਅਤੇ ਫਿਰ ਇਸ ਦੇ ਆਧਾਰ ਤੇ ਮੁਲਾਜ਼ਮਾਂ ਨੂੰ ਸਿੱਧੇ ਤੌਰ ਤੇ ਨਿਯੁਕਤ ਕਰਨ ਦੇ ਆਦੇਸ਼ ਦਿੱਤੇ ਜਾਂਦੇ ਹਨ, ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਸਬੰਧਤ ਵਿਅਕਤੀ ਆਪਣੀ ਪੂਰੀ ਤਨਖ਼ਾਹ ਲੈ ਕੇ ਨਾ ਸਿਰਫ਼ ਕਾਰਵਾਈਆਂ ਨੂੰ ਟਾਲ ਕੇ ਨਿਯੁਕਤੀ ਹਾਸਲ ਕਰ ਲੈਂਦਾ ਹੈ, ਸਗੋਂ ਸਾਲਾਂਬੱਧੀ ਘਰ ਬੈਠ ਕੇ ਵੀ ਲੱਖਾਂ ਰੁਪਏ ਤਨਖ਼ਾਹ ਲੈ ਲੈਂਦਾ ਹੈ।

ਸੂਤਰਾਂ ਨੇ ਇਹ ਵੀ ਦਾਅਵਾ ਕੀਤਾ ਕਿ ਸਿਹਤ ਵਿਭਾਗ ਵਿੱਚ ਨਾਜਾਇਜ਼ ਨਿਯੁਕਤੀਆਂ ਦੀ ਇਸ ਖੇਡ ਵਿੱਚ ਵਿਚੋਲਿਆਂ ਦੀ ਅਹਿਮ ਭੂਮਿਕਾ ਹੈ। ਨੇ ਦੱਸਿਆ ਕਿ ਅਜਿਹੇ ਝਗੜਿਆਂ ਵਿੱਚ ਅਧਿਕਾਰੀ ਆਪਣੀ ਮਨਮਾਨੀ ਦਿਖਾਉਂਦੇ ਹੋਏ ਲੇਬਰ ਕੋਰਟ, ਹਾਈਕੋਰਟ ਅਤੇ ਸੁਪਰੀਮ ਕੋਰਟ ਵਿੱਚ ਇੱਕ ਤਰਫਾ ਹੁਕਮਾਂ ਨੂੰ ਰੈਕੇਟ ਕਰਵਾਉਂਦੇ ਰਹਿੰਦੇ ਹਨ। ਜਿਸ ਦੇ ਪਿੱਛੇ ਮੁੱਖ ਇਰਾਦਾ ਸਬੰਧਤ ਨੂੰ ਲਾਭ ਦੇ ਬਦਲੇ ਭਾਰੀ ਵਿੱਤੀ ਲਾਭ ਪ੍ਰਾਪਤ ਕਰਨਾ ਵੀ ਦੱਸਿਆ ਜਾਂਦਾ ਹੈ।



ਭਰੋਸੇਯੋਗ ਸੂਤਰਾਂ ਨੇ ਇਹ ਵੀ ਦਾਅਵਾ ਕੀਤਾ ਕਿ ਇਸ ਸਬੰਧੀ ਸਿਹਤ ਮੰਤਰੀ ਦੇ ਨਾਲ-ਨਾਲ ਸਿਹਤ ਭਵਨ ਨੂੰ ਵੀ ਗੁੰਮਰਾਹ ਕਰਕੇ ਲਾਭਪਾਤਰੀ ਵਿਅਕਤੀ ਵੱਲੋਂ ਆਰਡਰ ਲਏ ਜਾਂਦੇ ਹਨ। ਆਪਣੇ ਆਪ ਨੂੰ ਕਾਲੀ ਦਾ ਭਗਤ ਦੱਸਣ ਵਾਲਾ ਇੱਕ ਬਾਹਰੀ ਵਿਅਕਤੀ ਵੀ ਇਸ ਰੈਕੇਟ ਵਿੱਚ ਸ਼ਾਮਲ ਹੈ। ਇਸ ਸਾਜ਼ਿਸ਼ ਤਹਿਤ ਸਿਹਤ ਭਵਨ ਅਤੇ ਕਿਰਤ ਵਿਭਾਗ ਦੇ ਅਧਿਕਾਰੀ ਸਿਹਤ ਵਿਭਾਗ ਨੂੰ ਕਰੋੜਾਂ ਰੁਪਏ ਦਾ ਚੂਨਾ ਲਗਾਉਣ ਵਿੱਚ ਲਗਾਤਾਰ ਕਾਮਯਾਬ ਹੋ ਰਹੇ ਹਨ।

ਸੂਤਰਾਂ ਅਨੁਸਾਰ ਅਧਿਕਾਰੀਆਂ ਦੀ ਮਿਲੀਭੁਗਤ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਸਿਹਤ ਵਿਭਾਗ ਦੇ ਮੁੱਖ ਦਫ਼ਤਰ ਦੇ ਅਧਿਕਾਰੀ ਅਜਿਹੇ ਝਗੜਿਆਂ ਵੱਲ ਕੋਈ ਧਿਆਨ ਨਹੀਂ ਦਿੰਦੇ, ਜਿਸ ਨਾਲ ਸਰਕਾਰ ਦਾ ਆਰਥਿਕ ਨੁਕਸਾਨ ਹੁੰਦਾ ਹੈ।

ਇਸ ਗੰਭੀਰ ਮਾਮਲੇ ਵਿੱਚ ਵਿਭਾਗੀ ਸੂਤਰ ਮੈਟਰੋਪੋਲੀਟਨ ਲਖਨਊ ਦੇ ਭੌਰਾਓ ਦੇਵਰਸ ਸੰਯੁਕਤ ਹਸਪਤਾਲ ਦੇ ਚੀਫ਼ ਮੈਡੀਕਲ ਸੁਪਰਡੈਂਟ ਦੀ ਮਿਸਾਲ ਵੀ ਦਿੰਦੇ ਹਨ, ਜਿਸ ਅਨੁਸਾਰ 2013 ਤੋਂ 2018 ਦਰਮਿਆਨ ਨਿਯੁਕਤ ਕੀਤੇ ਗਏ ਸਾਬਕਾ ਚੀਫ਼ ਮੈਡੀਕਲ ਸੁਪਰਡੈਂਟ ਨੇ ਇੱਕ ਔਰਤ ਨੂੰ ਜਾਅਲੀ ਅਤੇ ਬਿਨਾਂ ਅਧਿਕਾਰ ਖੇਤਰ ਵਿੱਚ ਲਾਭ ਪਹੁੰਚਾਉਣ ਦੇ ਇਰਾਦੇ ਨਾਲ ਕੰਪਿਊਟਰ ਆਪਰੇਟਰ ਦੇ ਅਹੁਦੇ ਤੇ ਨਿਯੁਕਤ ਕੀਤਾ ਸੀ। ਜਦੋਂ ਕਿ ਇਹ ਨਿਯੁਕਤੀ ਅਨਿਆਂ ਅਤੇ ਨਿਯਮਾਂ ਦੇ ਉਲਟ ਕੀਤੀ ਗਈ ਸੀ ਅਤੇ ਇਸ ਨੂੰ ਰੈਗੂਲਰ ਕਰਨ ਦਾ ਵਿਸ਼ਾ ਵੀ ਉਸਦੇ ਅਧਿਕਾਰ ਖੇਤਰ ਵਿੱਚ ਨਹੀਂ ਸੀ। ਭਾਵ, ਉਸ ਕੋਲ ਨਾ ਤਾਂ ਨਿਯੁਕਤੀ ਦਾ ਅਧਿਕਾਰ ਸੀ ਅਤੇ ਨਾ ਹੀ ਨਿਯਮਤ ਕਰਨ ਦਾ ਕੋਈ ਆਧਾਰ ਸੀ।

ਸਿਹਤ ਭਵਨ ਹੈੱਡਕੁਆਰਟਰ ਨਾਲ ਜੁੜੇ ਸੂਤਰਾਂ ਨੇ ਇਹ ਵੀ ਦਾਅਵਾ ਕੀਤਾ ਕਿ ਭ੍ਰਿਸ਼ਟਾਚਾਰ ਦੇ ਇਸ ਮਾਮਲੇ ਵਿੱਚ ਸਰਕਾਰੀ ਹੁਕਮਾਂ ਦੇ ਉਲਟ ਨੌਕਰੀ ਤੋਂ ਬਰਖਾਸਤ ਕਰਨ ਤੋਂ ਬਾਅਦ ਲਚਕੀਲਾ ਰੁਖ ਅਪਣਾਉਂਦੇ ਹੋਏ ਕਿਰਤ ਵਿਭਾਗ ਵਿੱਚ ਰੈਗੂਲਰ ਕਰਨ ਦੇ ਹੁਕਮ ਕੀਤੇ ਗਏ ਅਤੇ ਫਿਰ ਉਕਤ ਹੁਕਮਾਂ ਨੂੰ ਮਾਨਯੋਗ ਹਾਈਕੋਰਟ ਅਤੇ ਸੁਪਰੀਮ ਕੋਰਟ ਵਿੱਚ ਬਿਨਾਂ ਕਿਸੇ ਸੁਣਵਾਈ ਦੇ ਬਰਕਰਾਰ ਰੱਖਿਆ ਗਿਆ। ਭਾਵ, ਸਿੱਧੀ ਭਰਤੀ ਲਈ ਜ਼ਬਰਦਸਤੀ ਕਰਕੇ ਇਸ ਦੀ ਅਦਾਇਗੀ ਦਾ ਰਾਹ ਵੀ ਖੋਲ੍ਹ ਦਿੱਤਾ ਗਿਆ।

ਖਾਸ ਗੱਲ ਇਹ ਹੈ ਕਿ ਇਸ ਸਬੰਧੀ ਵਿਭਾਗ ਦੇ ਅਧਿਕਾਰੀਆਂ ਅਤੇ ਉਨ੍ਹਾਂ ਦੇ ਨੁਮਾਇੰਦਿਆਂ ਵੱਲੋਂ ਘੋਰ ਅਣਗਹਿਲੀ ਵਰਤੀ ਜਾ ਰਹੀ ਹੈ, ਜਿਸ ਕਾਰਨ ਸਿਹਤ ਵਿਭਾਗ ਵਿੱਚ ਠੇਕਾ ਆਧਾਰਿਤ ਮੁਲਾਜ਼ਮਾਂ ਵੱਲੋਂ ਅਜਿਹੇ ਕਈ ਮਾਮਲੇ ਸਾਹਮਣੇ ਆ ਰਹੇ ਹਨ।

ਸਿਹਤ ਭਵਨ ਵਿੱਚ ਚੱਲ ਰਹੇ ਵਿਚਾਰ-ਵਟਾਂਦਰੇ ਦੇ ਆਧਾਰ 'ਤੇ ਇੱਕ ਭਰੋਸੇਯੋਗ ਵਿਅਕਤੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸਿਹਤ ਮੰਤਰੀ ਨੇ ਵੀ ਸਥਿਤੀ ਦਾ ਸਹੀ ਨੋਟਿਸ ਨਾ ਲੈਂਦਿਆਂ ਕਈ ਦਰਖਾਸਤਾਂ 'ਤੇ ਅਗਲੇਰੀ ਕਾਰਵਾਈ ਦੇ ਹੁਕਮ ਜਾਰੀ ਕੀਤੇ ਦੱਸੇ ਜਾਂਦੇ ਹਨ। ਇਸ ਤੋਂ ਇਲਾਵਾ ਸਿਹਤ ਸਕੱਤਰ ਅਤੇ ਸਿਹਤ ਡਾਇਰੈਕਟਰ ਦੀ ਚੁੱਪੀ ਵੀ ਚਰਚਾ ਵਿੱਚ ਹੈ।

ਇਸ ਸਮੇਂ ਸੀਨੀਅਰ ਮਜ਼ਦੂਰ ਆਗੂ ਰਾਕੇਸ਼ ਮਣੀ ਪਾਂਡੇ, ਰਾਸ਼ਟਰੀ ਸਕੱਤਰ ਅਤੇ ਹਿੰਦ ਮਜ਼ਦੂਰ ਕਿਸਾਨ ਪੰਚਾਇਤ ਦੇ ਸੂਬਾ ਜਨਰਲ ਸਕੱਤਰ ਅਤੇ ਪਾਂਡੇ ਐਸੋਸੀਏਟ ਦੇ ਵਰਕਰ ਨੇ ਇਸ ਮਾਮਲੇ ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ ਅਤੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਅਤੇ ਸਿਹਤ ਮੰਤਰੀ ਬ੍ਰਿਜੇਸ਼ ਪਾਠਕ ਤੋਂ ਇਸ ਦੀ ਉੱਚ ਪੱਧਰੀ ਜਾਂਚ ਕਰਨ ਅਤੇ ਸਿਹਤ ਵਿਭਾਗ ਦੇ ਅਜਿਹੇ ਅਧਿਕਾਰੀਆਂ ਅਤੇ ਅਧਿਕਾਰੀਆਂ ਨੂੰ ਭ੍ਰਿਸ਼ਟ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਬਣਦੀ ਕਾਰਵਾਈ ਕਰਨ ਦੀ ਪੁਰਜ਼ੋਰ ਮੰਗ ਕੀਤੀ ਹੈ ਉਨ੍ਹਾਂ ਦੀ ਸਰਪ੍ਰਸਤੀ ਹੇਠ ਚਲਾਏ ਜਾ ਰਹੇ ਸ਼ਰੇਆਮ ਰੈਕੇਟ। ਕੀ ਸੱਚਮੁੱਚ ਅਜਿਹਾ ਹੋਵੇਗਾ ਜਾਂ ਇਹ ਚਲਾਕ ਗਰੋਹ ਆਪਣੇ ਸਰਪ੍ਰਸਤ ਅਫਸਰਾਂ ਦੀ ਮਿਲੀਭੁਗਤ ਨਾਲ ਆਪਣੇ ਆਪ ਨੂੰ ਬਚਾ ਲਵੇਗਾ ? ਸਮਾਂ ਹੀ ਦੱਸੇਗਾ।

# ਇੰਡੀਆ ਬੁੱਕ ਆੱਫ਼ ਰਿਕਾਰਡਜ਼ ਵਿੱਚ ਦਰਜ ਹੋਇਆ ਸਰਕਾਰੀ ਪ੍ਰਾਇਮਰੀ ਸਕੂਲ ਗੰਭੀਰਪੁਰ ਲੋਅਰ ਨਾਂ

ਸ੍ਰੀ ਅਨੰਦਪੁਰ ਸਾਹਿਬ

ਇਲਾਕੇ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਦਾ ਨਾਂ ' ਇੰਡੀਆ ਬੁੱਕ ਆੱਫ਼ ਰਿਕਾਰਡਜ਼ ' ਵਿੱਚ ਦਰਜ ਹੋ ਗਿਆ ਹੈ। ਇਸ ਦੇ ਪਿੱਛੇ ਸਟੇਟ ਐਵਾਰਡੀ , ਪ੍ਰਸਿੱਧ ਲੇਖਕ , ਸਮਾਜ ਸੇਵੀ ਕਰਮਯੋਗੀ ਮਿਹਨਤੀ ਅਧਿਆਪਕ ਮਾਸਟਰ ਸੰਜੀਵ ਧਰਮਾਣੀ ਦੀ ਮਿਹਨਤ ਤੇ ਸਕੂਲ ਅਤੇ ਵਿਦਿਆਰਥੀਆਂ ਪ੍ਰਤੀ ਉਨ੍ਹਾਂ ਦੇ ਸਮਰਪਣ ਦਾ ਹੀ ਨਤੀਜਾ ਹੈ। ਇਹ ਐਵਾਰਡ ਉਹਨਾਂ ਨੂੰ ' ਇੰਡੀਆ ਬੁੱਕ ਆਫ ਰਿਕਾਰਡਜ਼ ' ਦੇ ਦਫਤਰ ਦਿੱਲੀ ਤੋਂ ਪ੍ਰਾਪਤ ਹੋਇਆ ਅਤੇ ਅੱਜ ਇਹ ਅਵਾਰਡ ਉਹਨਾਂ ਨੂੰ ਆਪਣੇ ਹੱਥੀਂ ਪੰਜਾਬ ਦੇ ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਦਿੱਤਾ ਅਤੇ ਵਿਸ਼ੇਸ਼ ਤੌਰ ਤੇ ਮਾਸਟਰ ਸੰਜੀਵ ਧਰਮਾਣੀ ਨੂੰ ਸ਼ਾਬਾਸ਼ ਤੇ ਵਧਾਈ ਦਿੱਤੀ। ਇਸ ਮੌਕੇ ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ ਨੇ ਕਿਹਾ ਕਿ ਅੱਜ ਮੈਨੂੰ ਬਹੁਤ ਖੁਸ਼ੀ ਹੋਈ ਹੈ ਕਿ ਮੇਰੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਦਾ ਨਾਂ ਮੇਰੀ ਅਗਵਾਈ ਹੇਠ ਵਿਦਿਆਰਥੀਆਂ ਵੱਲੋਂ ਸਾਹਿਤ ਵਿੱਚ ਕੀਤੇ ਗਏ ਵਿਸ਼ੇਸ਼ ਕਾਰਜ ਦੇ ਲਈ ਇੰਡੀਆ ਬੁੱਕ ਆਫ ਰਿਕਾਰਡਜ਼ ਵਿੱਚ ਦਰਜ ਹੋਇਆ ਹੈ। ਇਸ ਮੌਕੇ ਉਹਨਾਂ ਨੇ ਇਹ ਵੀ ਕਿਹਾ ਕਿ ਮੈਂ ਇਸ ਪ੍ਰੋਜੈਕਟ ਤੇ ਨਿਸ਼ਕਾਮ ਭਾਵਨਾ ਨਾਲ਼ ਲਗਭਗ ਇੱਕ ਸਾਲ ਸਿਰ ਤੋੜ ਮਿਹਨਤ ਕੀਤੀ ਹੈ। ਸੰਜੀਵ ਧਰਮਾਣੀ ਨੇ ਕਿਹਾ ਕਿ ਸ਼ਾਇਦ ਇਹ ਭਾਰਤ ਦਾ ਪਹਿਲਾ ਅਜਿਹਾ ਸਰਕਾਰੀ ਸਕੂਲ ਹੈ ਜਿਸਦਾ ਨਾਂ ਇੰਡੀਆ ਬੁੱਕ ਆਫ ਰਿਕਾਰਡਜ਼ ਵਿੱਚ ਦਰਜ ਹੋਇਆ ਹੈ। ਇਸ ਮੌਕੇ ਉਹਨਾਂ ਨੇ ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਬੈਂਸ ਤੇ ਪਰਮਾਤਮਾ ਦਾ ਵੀ ਧੰਨਵਾਦ ਕੀਤਾ। ਇਹ ਵਿਸ਼ੇਸ਼ ਤੌਰ ਤੇ ਦੱਸਣਯੋਗ ਹੈ ਕਿ ਮਾਸਟਰ ਸੰਜੀਵ ਧਰਮਾਣੀ ਖੁਦ ਵੀ ਆਪਣੀ ਮਿਹਨਤ ਕਰਕੇ ਸਾਹਿਤ ਦੇ ਖੇਤਰ ਵਿੱਚ ਆਪਣਾ ਨਾਮ ਇੰਡੀਆ ਬੁੱਕ ਆੱਫ਼ ਰਿਕਾਰਡਜ਼ ਵਿੱਚ ਦਰਜ ਕਰਵਾ ਚੁੱਕੇ ਹਨ , ਉਹ ਕਈ ਸਮਾਜ - ਸੇਵੀ ਸੰਸਥਾਵਾਂ ਨਾਲ ਵੀ ਜੁੜੇ ਹੋਏ ਹਨ ਤੇ ਆਸਰਾ ਫਾਊਂਡੇਸ਼ਨ ਸ਼੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਵੀ ਹਨ। ਇਸ ਤੋਂ ਇਲਾਵਾ ਉਹ ਕੁਰੱਪਸ਼ਨ ਐਂਡ ਕ੍ਰਾਈਮ ਕੰਟਰੋਲ ਟਰੱਸਟ ਇੰਡੀਆ ਦੇ ਪੰਜਾਬ ਇਕਾਈ ਦੇ ਸੈਕਟਰੀ ਵੀ ਹਨ। ਉਨ੍ਹਾਂ ਨੇ ਆਪਣਾ ਤਨ ਮਨ ਧਨ ਸਮਾਜ , ਸਿੱਖਿਆ , ਸਾਹਿਤ ਤੇ ਵਾਤਾਵਰਨ ਦੀ ਸੇਵਾ ਲਈ ਸਮਰਪਿਤ ਕੀਤਾ ਹੋਇਆ ਹੈ। ਇਸ ਮੌਕੇ ਸਰਪੰਚ ਲੱਕੀ ਕਪਿਲਾ , ਨਿਤਿਨ ਸ਼ਰਮਾ , ਅਜੇ ਕੁਮਾਰ , ਸੁਦਾਮਾ ਰਾਮ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।



# ਕੈਪਸ਼ਨ



ਮਹਾਨ ਯੋਗੀ ਅਤੇ ਸੰਤ ਪਰੰਪਰਾ ਦੇ ਪਰਮ ਗਿਆਨੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਪਿੰਡ ਸ਼ੇਰਪੁਰ ਵਿਖੇ ਡਾਕਟਰ ਕਰਨ ਮਲਟੀ ਸਪੈਸ਼ਲਿਸਟੀ ਕਲੀਨਿਕ ਦੇ ਮੁਖੀ ਡਾਕਟਰ ਕਰਨਵੀਰ ਸਿੰਘ ਵੱਲੋਂ ਅੱਖਾਂ ਦੀ ਮੁਫਤ ਦਵਾਈ ਵੰਡੀ ਗਈ।

( ਫੋਟੋ ਅਤੇ ਵੇਰਵਾ - ਹਰਜੀਤ ਸਿੰਘ ਕਾਤਿਲ ਵਿਸ਼ੇਸ਼ ਪ੍ਰਤੀਨਿੱਧੀ ਸ਼ੇਰਪੁਰ , ਸੰਗਰੂਰ )

# ਪੂਰੇ ਸਮਾਜ ਨੂੰ ਨਾਲ ਲੈ ਕੇ ਚੱਲਣਾ ਅਤੇ ਵਾਂਝੇ ਸਮਾਜ ਨੂੰ ਵਿਕਾਸ ਦੀ ਮੁੱਖ ਧਾਰਾ ਨਾਲ ਜੋੜਨਾ ਭਾਜਪਾ ਦੀ ਪ੍ਰਮੁੱਖ ਤਰਜੀਹ - ਦੇਵੀ ਸਹਾਏ ਟੰਡਨ



ਲੁਧਿਆਣਾ :(ਵਰਿੰਦਰ ਪ੍ਰਕਾਸ਼ ਭਾਂਬਰੀ): ਜ਼ਿਲ੍ਹਾ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਜੀ ਦੇ ਨਿਰਦੇਸ਼ਾਂ ਅਨੁਸਾਰ, ਸੁਭਾਸ਼ ਨਗਰ ਸਰਕਲ ਦੀ ਵਰਕਸ਼ਾਪ ਸਰਕਲ ਚੋਣ ਇੰਚਾਰਜ ਸ਼੍ਰੀ ਦੇਵੀ ਸਹਾਏ ਟੰਡਨ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਸੁਭਾਸ਼ ਨਗਰ ਸਰਕਲ ਦੇ ਸ਼ਕਤੀ ਕੇਂਦਰ ਚੋਣ ਇੰਚਾਰਜ ਨਿਯੁਕਤ ਕੀਤੇ ਗਏ। ਜਿਸ ਵਿੱਚ ਜ਼ਿਲ੍ਹਾ ਉਪ ਪ੍ਰਧਾਨ ਨਵਲ ਜੈਨ ਅਤੇ ਸਾਬਕਾ ਕੌਂਸਲਰ ਗੁਰਬਖਸ਼ ਸਿੰਘ ਬਿੱਲਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਦੇਵੀ ਸਹਾਏ ਟੰਡਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ, ਐਨਡੀਏ ਸਰਕਾਰ ਨੇ ਗਰੀਬਾਂ ਦੇ ਵਿਕਾਸ ਲਈ ਬਹੁਤ ਕੰਮ ਕੀਤਾ ਹੈ। ਪੀਐਮ ਮੋਦੀ ਵਿੱਚ ਜਨਤਾ ਦਾ ਵਿਸ਼ਵਾਸ ਦਿਨੋ-ਦਿਨ ਵੱਧਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੂਰੇ ਸਮਾਜ ਨੂੰ ਨਾਲ ਲੈ ਕੇ ਚੱਲਣਾ ਅਤੇ ਵਾਂਝੇ ਸਮਾਜ ਨੂੰ ਵਿਕਾਸ ਦੀ ਮੁੱਖ ਧਾਰਾ ਨਾਲ ਜੋੜਨਾ ਸਾਡੀ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ। ਉਨ੍ਹਾਂ ਕਿਹਾ ਕਿ ਵਰਕਰ ਕਿਸੇ ਵੀ ਪਾਰਟੀ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਅੱਜ ਵਰਕਰਾਂ ਦੀ ਸਖ਼ਤ ਮਿਹਨਤ ਕਾਰਨ ਹੀ ਭਾਜਪਾ ਦੇਸ਼ ਦੀ ਸਭ ਤੋਂ ਵੱਡੀ ਪਾਰਟੀ ਹੈ। ਵਰਕਰਾਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਉਪ ਪ੍ਰਧਾਨ ਨਵਲ ਜੈਨ ਨੇ ਕਿਹਾ ਕਿ ਅੱਜ ਦੇਸ਼ ਦੇ ਲੋਕਾਂ ਨੂੰ ਅਹਿਸਾਸ ਹੋ ਗਿਆ ਹੈ ਕਿ ਜੋ ਕੰਮ ਪਿਛਲੇ 70 ਸਾਲਾਂ ਵਿੱਚ ਦੇਸ਼ ਵਿੱਚ ਨਹੀਂ ਹੋ ਸਕਿਆ, ਉਹ ਮੋਦੀ ਦੇ 10 ਸਾਲਾਂ ਦੇ ਰਾਜ ਵਿੱਚ ਹੀ ਸੰਭਵ ਹੋਇਆ ਹੈ। ਅੱਜ ਦੇਸ਼ ਵਿਸ਼ਵ ਨੇਤਾ ਬਣਨ ਵੱਲ ਵਧ ਰਿਹਾ ਹੈ। ਅੱਜ ਪੂਰੇ ਦੇਸ਼ ਦੇ ਨਾਲ-ਨਾਲ ਪੰਜਾਬ ਦੇ ਲੋਕ ਭਾਜਪਾ ਵੱਲ ਆਕਰਸ਼ਿਤ ਹੋ ਰਹੇ ਹਨ ਅਤੇ ਉਨ੍ਹਾਂ ਨੂੰ ਸੱਤਾ ਸੌਂਪਣ ਲਈ ਉਤਸੁਕ ਹਨ। ਇਸ ਮੌਕੇ ਵਿੱਕੀ ਰਾਣਾ, ਅਸ਼ੋਕ ਕੁਮਾਰ, ਪ੍ਰਦੀਪ ਕੁਮਾਰ, ਰਵੀ ਢੀਂਗਰਾ, ਸੁਖਵਿੰਦਰ ਸਿੰਘ ਲਾਡੀ, ਦਿਨੇਸ਼ ਕੁਮਾਰ ਮੌਰੀਆ, ਹੈਪੀ, ਬਲਵੀਰ ਮਜੋਕਾ, ਅਰਵਿੰਦ ਸਿੰਘ, ਰਾਮ ਸਿੰਘ, ਰਾਜੀਵ ਜੋਗ ਆਦਿ ਮੌਜੂਦ ਸਨ।

# ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਤੇ ਚੱਲਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ: ਮਹਿੰਦਰ ਭਗਤ

ਜਲੰਧਰ: ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਦੇ ਮੌਕੇ ਤੇ, ਸ਼੍ਰੀ ਗੁਰੂ ਰਵਿਦਾਸ ਧਰਮ ਸਥਲ (ਰਜਿਸਟਰਡ) ਟਾਵਰ ਐਨਕਲੇਵ, ਜਲੰਧਰ ਵਿਖੇ ਧਾਰਮਿਕ ਪ੍ਰੋਗਰਾਮ ਆਯੋਜਿਤ ਕੀਤੇ ਗਏ। ਜਿਸ ਵਿੱਚ ਸਤਿਗੁਰੂ ਸ਼੍ਰੀ ਰਵਿਦਾਸ ਜੀ ਦੇ ਸ਼ਬਦ ਕੀਰਤਨੀ ਜਥਿਆਂ ਵੱਲੋਂ ਗਾਏ ਗਏ।

ਇਸ ਪ੍ਰੋਗਰਾਮ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਮਹਿੰਦਰ ਭਗਤ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਤੌਰ ਤੇ ਪਹੁੰਚੇ।

ਉਨ੍ਹਾਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਤੋਂ ਮੱਥਾ ਟੇਕਿਆ ਅਤੇ ਅਸ਼ੀਰਵਾਦ ਪ੍ਰਾਪਤ ਕੀਤਾ, ਅਤੇ ਇਸ ਪਵਿੱਤਰ ਤਿਉਹਾਰ ਤੇ ਸਾਰੇ ਦੇਸ਼ ਵਾਸੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸਾਨੂੰ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਦੀ ਪਾਲਣਾ ਕਰਕੇ ਆਪਣਾ ਜੀਵਨ ਸਫਲ ਬਣਾਉਣਾ ਚਾਹੀਦਾ ਹੈ।



ਮੰਦਰ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਨੇ ਮਹਿੰਦਰ ਭਗਤ ਦਾ ਸਨਮਾਨ ਕੀਤਾ ਅਤੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ।

ਪ੍ਰੋਗਰਾਮ ਤੋਂ ਬਾਅਦ, ਮੰਦਰ ਕਮੇਟੀ ਵੱਲੋਂ ਇੱਕ ਵਿਸ਼ਾਲ ਦਾਅਵਤ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ ਸਾਬਕਾ ਕੌਂਸਲਰ ਅਮਰੀਕ ਸਿੰਘ, ਸੇਵਾਮੁਕਤ ਕਾਰਜਕਾਰੀ ਰਾਜੇਸ਼ ਭਗਤ, ਪਰਮਜੀਤ ਮਹੇ, ਰਮੇਸ਼ ਮਹੇ ਅਤੇ ਆਪ ਵਰਕਰ ਮੌਜੂਦ ਸਨ।

# ਜਲੰਧਰ ਦਿਹਾਤੀ ਪੁਲਿਸ ਵਲੋਂ 4.8 ਕਿਲੋ ਗਾਂਜੇ ਸਮੇਤ ਮਹਿਲਾ ਨਸ਼ਾ ਤਸਕਰ ਗ੍ਰਿਫ਼ਤਾਰ

ਜਲੰਧਰ, 16 ਫਰਵਰੀ :

ਨਸ਼ਾ ਤਸਕਰੀ ਵਿਰੁੱਧ ਇੱਕ ਵੱਡੀ ਕਾਰਵਾਈ ਕਰਦਿਆਂ ਜਲੰਧਰ ਦਿਹਾਤੀ ਪੁਲਿਸ ਨੇ ਮਕਸੂਦਾਂ ਖੇਤਰ ਵਿੱਚ 4.8 ਕਿਲੋ ਗਾਂਜਾ ਸਮੇਤ ਇੱਕ ਮਹਿਲਾ ਨਸ਼ਾ ਤਸਕਰ ਨੂੰ ਗ੍ਰਿਫ਼ਤਾਰ ਕੀਤਾ ਹੈ। ਫੜੀ ਗਈ ਮਹਿਲਾ ਦੀ ਪਛਾਣ ਸ਼ਿਵਾਨੀ ਕੁਮਾਰੀ ਪਤਨੀ ਸ਼ਾਹਿਦ ਅਬਦੁਲ (ਵਾਸੀ ਨਵਾਬਗੰਜ, ਜ਼ਿਲ੍ਹਾ ਕਟਿਆਰ, ਬਿਹਾਰ ਅਤੇ ਮੌਜੂਦਾ ਵਾਸੀ ਨੇੜੇ ਰੇਲਵੇ ਸਟੇਸ਼ਨ ਕਪੂਰਥਲਾ ਰੋਡ, ਕਰਤਾਰਪੁਰ) ਵਜੋਂ ਹੋਈ ਹੈ। ਐਸ.ਐਸ.ਪੀ. ਜਲੰਧਰ ਦਿਹਾਤੀ ਹਰਕਮਲਪ੍ਰੀਤ ਸਿੰਘ ਖੱਖ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਕਾਰਵਾਈ ਐਸਪੀ ਇਨਵੈਸਟੀਗੇਸ਼ਨ ਜਸਰੂਪ ਕੌਰ ਬਾਠ ਅਤੇ ਡੀਐਸਪੀ ਕਰਤਾਰਪੁਰ ਸੁਰਿੰਦਰ ਪਾਲ ਧੋਗੜੀ ਦੀ ਨਿਗਰਾਨੀ ਹੇਠ ਕੀਤੀ ਗਈ ਹੈ। ਉਨ੍ਹਾਂ ਦੱਸਿਆ ਸਬ-ਇੰਸਪੈਕਟਰ ਬਲਬੀਰ ਸਿੰਘ ਐਸਐਚਓ ਮਕਸੂਦਾਂ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਪੁਲਿਸ ਟੀਮ ਨੇ ਅਮਾਨਤਪੁਰ ਖੇਤਰ ਦੇ ਪਿੰਡ ਸਰਾਇਖਾਸ ਵਿੱਚ ਇਕ ਮਹਿਲਾ ਨੂੰ ਰੋਕਿਆ ਜੋ ਇੱਕ ਸ਼ੱਕੀ ਪਲਾਸਟਿਕ ਬੈਗ ਲੈ ਕੇ ਜਾ ਰਹੀ ਸੀ। ਤਲਾਸ਼ੀ ਲੈਣ ਤੇ, ਉਸਦੇ ਕਬਜ਼ੇ ਵਿੱਚੋਂ 4.8 ਕਿਲੋਗ੍ਰਾਮ ਗਾਂਜਾ ਬਰਾਮਦ ਹੋਇਆ।ਐਨਡੀਪੀਐਸ ਐਕਟ ਦੀ ਧਾਰਾ 20, 61 ਅਤੇ 85 ਦੇ ਤਹਿਤ ਪੁਲਿਸ ਸਟੇਸ਼ਨ ਮਕਸੂਦਾਂ ਵਿਖੇ (ਐਫਆਈਆਰ ਨੰਬਰ 30 ਮਿਤੀ 15.02.2025) ਕੇਸ ਦਰਜ ਕੀਤਾ ਗਿਆ ਹੈ। ਮਹਿਲਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਉਸਨੂੰ ਪੁਲਿਸ ਰਿਮਾਂਡ ਦੀ ਮੰਗ ਲਈ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਐਸਐਸਪੀ ਖੱਖ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਪੁਲਿਸ ਟੀਮ ਦਾ ਉਦੇਸ਼ ਪੂਰੀ ਡਰੱਗ ਸਪਲਾਈ ਚੇਨ ਦਾ ਪਰਦਾਫਾਸ਼ ਕਰਨਾ ਹੈ। ਟੀਮ ਨੂੰ ਜਾਂਚ ਦੌਰਾਨ ਮਹੱਤਵਪੂਰਨ ਖੁਲਾਸੇ ਹੋਣ ਦੀ ਉਮੀਦ ਹੈ। ਉਨ੍ਹਾਂ ਦੱਸਿਆ ਕਿ ਜਲੰਧਰ ਦਿਹਾਤੀ ਪੁਲਿਸ ਸਮਾਜ ਵਿੱਚੋਂ ਨਸ਼ੇ ਨੂੰ ਜੜ੍ਹੋਂ ਖ਼ਤਮ ਕਰਨ ਲਈ ਵਚਨਬੱਧ ਹੈ ਅਤੇ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਵਿੱਚ ਸ਼ਾਮਲ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।



# ਖ਼ਾਲਸਾ ਕਾਲਜ ਵਿਖੇ 'ਹੀਰ ਦਾ ਗਾਇਨ' ਸਮਾਰੋਹ ਕਰਵਾਇਆ ਗਿਆ



ਅੰਮ੍ਰਿਤਸਰ, 16 ਫਰਵਰੀ (      )—ਖ਼ਾਲਸਾ ਕਾਲਜ ਵਿਖੇ 'ਨਾਲੇ ਰੋਵਦਾਂ ਤੇ ਨਾਲੇ ਗਾਂਵਦਾ ਈ ਹੀਰ ਦਾ ਗਾਇਨ' ਵਿਸ਼ੇ ਤਹਿਤ ਸਮਾਗਮ ਕਰਵਾਇਆ ਗਿਆ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ: ਅਰਵਿੰਦਰ ਕੌਰ ਕਾਹਲੋਂ ਦੀ ਯੋਗ ਅਗਵਾਈ ਅਤੇ ਕਾਲਜ ਦੇ ਸੰਗੀਤ ਅਤੇ ਪੰਜਾਬੀ ਵਿਭਾਗ ਵੱਲੋਂ ਪੰਜਾਬ ਕਲਾ ਪਰਿਸ਼ਦ, ਚੰਡੀਗੜ੍ਹ ਅਤੇ ਭਾਸ਼ਾ ਵਿਭਾਗ, ਪੰਜਾਬ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਸਮਾਗਮ ਦਾ ਆਰੰਭ ਖਾਲਸਾ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ: ਮਹਿਲ ਸਿੰਘ, ਪ੍ਰਿੰ: ਡਾ: ਕਾਹਲੋਂ, ਪੰਜਾਬੀ ਵਿਭਾਗ ਮੁਖੀ ਡਾ: ਆਤਮ ਸਿੰਘ ਰੰਧਾਵਾ, ਪੰਜਾਬ ਕਲਾ ਪਰਿਸ਼ਦ, ਚੰਡੀਗੜ੍ਹ ਦੇ ਡਾਇਰੈਕਟਰ ਸ: ਸਵਰਨਜੀਤ ਸਿੰਘ ਸਵੀ ਅਤੇ ਉਚੇਚੇ ਤੌਰ 'ਤੇ ਪਹੁੰਚੀਆਂ ਪ੍ਰਸਿੱਧ ਸ਼ਖ਼ਸੀਅਤਾਂ ਦੁਆਰਾ ਸ਼ਮਾਂ ਰੌਸ਼ਨ ਕਰਕੇ ਕੀਤਾ ਗਿਆ।

ਇਸ ਉਪਰੰਤ ਪ੍ਰਿੰ: ਡਾ: ਕਾਹਲੋਂ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਸਮਾਗਮ ਦੀ ਪ੍ਰਸੰਸਾ ਅਤੇ ਇਸਦੀ ਸਫਲਤਾ ਲਈ ਵਿਭਾਗ ਨੂੰ ਸ਼ੁਭਇਛਾਵਾਂ ਦਿੱਤੀਆਂ। ਇਸ ਸਮਾਗਮ ਦੇ ਕਨਵੀਨਰ ਡਾ: ਰੰਧਾਵਾ ਨੇ ਕਿਹਾ ਕਿ ਇਹ ਮਹਾਂ ਉਤਸਵ ਪੰਜਾਬ ਕਲਾ ਪਰਿਸ਼ਦ, ਚੰਡੀਗੜ੍ਹ ਅਤੇ ਭਾਸ਼ਾ ਵਿਭਾਗ, ਪੰਜਾਬ ਦੇ ਸਹਿਯੋਗ ਨਾਲ ਪੰਜਾਬ ਦੀ ਨਵ—ਸਿਰਜਣਾ ਲਈ ਸ: ਮਹਿੰਦਰ ਸਿੰਘ ਰੰਧਾਵਾ, ਡਾ: ਸੁਰਜੀਤ ਸਿੰਘ ਪਾਤਰ ਅਤੇ ਮਾਤ ਭਾਸ਼ਾ ਦਿਵਸ ਨੂੰ ਸਮਰਪਿਤ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਸਾਹਿਤ ਦਾ ਮਕਬੂਲ ਸ਼ਾਇਰ ਵਾਰਿਸ ਸ਼ਾਹ ਕਿਸੇ ਵਿਸ਼ੇਸ਼ ਜਾਣ ਪਹਿਚਾਣ ਦਾ ਮੁਹਤਾਜ ਨਹੀਂ ਹੈ। ਹੀਰ ਵਾਰਿਸ ਦਾ ਕਿੱਸਾ ਪੰਜਾਬੀਆਂ ਦੇ ਵਿਰਸੇ ਦਾ ਅਨਿੱਖੜ ਅੰਗ ਹੋਣ ਕਰਕੇ ਪੰਜਾਬੀ ਜ਼ੁਬਾਨ 'ਤੇ ਬਾਤ ਵਾਂਗ ਯਾਦ ਹੈ। ਪੰਜਾਬੀ ਗਾਇਕੀ ਰਾਹੀਂ ਇਸਦੀ ਪੇਸ਼ਕਾਰੀ ਵੱਖ—ਵੱਖ ਅੰਦਾਜ਼ਾਂ ਰਾਹੀਂ ਹੁੰਦੀ ਆ ਰਹੀਂ ਹੈ ਪਰ ਫਿਰ ਦੀ ਇਸਦੀ ਰੰਗਤ ਫਿੱਕੀ ਨਹੀਂ ਪਈ, ਸਗੋਂ ਹੋਰ ਵਧੇਰੇ ਨਿੱਖਰ ਕੇ ਸਾਹਮਣੇ ਆਈ ਹੈ।ਇਸ ਪ੍ਰੰਪਰਾ ਨੂੰ ਬਰਕਰਾਰ ਰੱਖਦਿਆਂ ਅਜੋਕੀ ਨੌਜੁਆਨ ਪੀੜ੍ਹੀ ਨੂੰ ਆਪਣੇ ਅਮੀਰ ਵਿਰਸੇ ਬਾਰੇ ਜਾਣਕਾਰੀ ਦੇ ਉਦੇਸ਼ ਨਾਲ ਹੀਰ ਗਾਇਨ ਰਾਹੀਂ ਪ੍ਰੇਰਿਤ ਕਰਕੇ ਇਸਦੀ ਵਿਰਾਸਤੀ ਮਹੱਤਤਾ ਨੂੰ ਉਜਾਗਰ ਕਰਨਾ ਸਮਾਗਮ ਦਾ ਵਿਸ਼ੇਸ਼ ਉਦੇਸ਼ ਹੈ।

ਇਸ ਮੌਕੇ ਡਾ: ਮਹਿਲ ਸਿੰਘ ਨੇ ਕਿਹਾ ਕਿ ਸ: ਮਹਿੰਦਰ ਸਿੰਘ ਰੰਧਾਵਾ ਸਿਵਲ ਅਧਿਕਾਰੀ ਹੋਣ ਦੇ ਨਾਲ—ਨਾਲ ਪੰਜਾਬੀ ਸਾਹਿਤ ਜਗਤ ਵਿੱਚ ਆਪਣੇ ਯੋਗਦਾਨ ਕਾਰਨ ਵਿਲੱਖਣ ਪਹਿਚਾਣ ਦੇ ਧਾਰਨੀ ਹਨ। ਉਨ੍ਹਾਂ ਨੇ ਭਾਰਤ ਦੀ ਵੰਡ ਦੇ ਉਜੜੇ ਪੰਜਾਬੀਆਂ ਦੇ ਮੁੜ ਵਸੇਬੇ, ਚੰਡੀਗੜ੍ਹ ਦੀ ਸਥਾਪਨਾ ਅਤੇ ਭਾਰਤ ਦੇ ਹਰੇ ਇਨਕਲਾਬ ਅਤੇ ਪੰਜਾਬ ਦੀਆਂ ਕਲਾਵਾਂ ਦੇ ਦਸਤਾਵੇਜ਼ੀਕਰਨ ਵਿੱਚ ਅਹਿਮ ਭੂਮਿਕਾਵਾਂ ਅਦਾ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਪਦਮਸ਼੍ਰੀ ਡਾ: ਸੁਰਜੀਤ ਪਾਤਰ ਨੇ ਆਪਣੀਆਂ ਮੌਲਿਕ ਕਵਿਤਾਵਾਂ ਰਾਹੀਂ ਆਮ ਲੋਕਾਂ ਦੇ ਜਨ–ਜੀਵਨ ਨਾਲ ਜੁੜੀਆਂ ਸਮੱਸਿਅਵਾਂ ਨੂੰ ਪੇਸ਼ ਕਰਕੇ ਆਪਣੇ ਪ੍ਰਸੰਸਕਾਂ ਅਤੇ ਆਲੋਚਕਾਂ ਪਾਸੋਂ ਵਿਸ਼ੇਸ਼ ਪ੍ਰਸਿੱਧੀ ਹਾਸਲ ਕੀਤੀ ਹੈ। ਅਜੋਕੀਆਂ ਕਾਵਿ ਮਹਿਫਲਾਂ ਦਾ ਰੰਗ ਸੁਰਜੀਤ ਪਾਤਰ ਦੀ ਸ਼ਾਇਰੀ ਦੇ ਜਿਕਰ ਤੋਂ ਬਿਨਾਂ ਫਿੱਕਾ ਲਗਦਾ ਹੈ। ਅਜਿਹੀਆਂ ਮਹਾਨ ਸ਼ਖ਼ਸੀਅਤਾਂ ਦੁਆਰਾ ਪੰਜਾਬੀ ਸਾਹਿਤ ਅਤੇ ਭਾਸ਼ਾ ਦੇ ਕੀਤੇ ਵਿਸਥਾਰ ਅਤੇ ਪਸਾਰ ਲਈ ਪੰਜਾਬੀ ਜਗਤ ਉਹਨਾਂ ਦਾ ਹਮੇਸ਼ਾਂ ਰਿਣੀ ਰਹੇਗਾ। ਹੀਰ ਵਾਰਿਸ ਸਾਹਿਤ ਦੀ ਪ੍ਰਸੰਸਾ ਕਰਦਿਆਂ ਉਹਨਾਂ ਨੇ ਕਿਹਾ ਕਿ ਇਹ ਸਾਹਿਤਕ ਰਚਨਾ ਏਸ਼ੀਆ ਦੀ ਸਭ ਤੋਂ ਮਹੱਤਵਪੂਰਨ ਸਾਹਿਤਕ ਕਿਰਤ ਦਾ ਦਰਜਾ ਪ੍ਰਾਪਤ ਕਰ ਚੁੱਕੀ ਹੈ। ਇਸ ਰਚਨਾ ਵਿਚ ਉਸ ਸਮੇਂ ਦੇ ਸਭਿਆਚਾਰ ਦੀ ਵਿਰਾਸਤ ਦਾ ਜ਼ਖੀਰਾ ਹੈ ਜਿਸ ਨੂੰ ਇਹ ਸਮਾਗਮ ਸਮਰਪਿਤ ਹੈ। ਅਜਿਹਾ ਸਮਾਗਮ ਨਵੀਂ ਪੀੜ੍ਹੀ ਨੂੰ ਅਪਣੇ ਸਾਹਿਤ, ਸਮਾਜ ਅਤੇ ਸਭਿਆਚਾਰ ਨਾਲ ਜੋੜਨ ਦਾ ਇੱਕ ਸਾਰਥਿਕ ਉਪਰਾਲਾ ਹੈ।

ਸ: ਸਵਰਨਜੀਤ ਸਿੰਘ ਸਵੀ ਨੇ ਅਜੋਕੇ ਪੰਜਾਬ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਚਿੰਤਾ ਪ੍ਰਗਟ ਕਰਦਿਆਂ ਪੰਜਾਬ ਦੀ ਗਾਇਕੀ ਦੇ ਬਦਲਦੇ ➾ਝਾਨ ਪ੍ਰਤੀ ਵਿਚਾਰ ਪੇਸ਼ ਕੀਤੇ। ਉਹਨਾਂ ਨੇ ਕਿਹਾ ਕਿ ਅੱਜ ਦੇ ਏ।ਆਈ। ਯੁੱਗ ਵਿੱਚ ਅਜਿਹੇ ਸਮਾਗਮਾਂ ਰਾਹੀਂ ਨੌਜੁਆਨ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜ ਕੇ ਆਪਣੀ ਅਮੀਰ ਵਿਰਾਸਤ ਤੋਂ ਜਾਣੂ ਕਰਵਾਉਣਾ ਹੈ। ਇਹ ਸਮਾਗਮ ਇਸੇ ਲੜੀ ਇੱਕ ਹਿੱਸਾ ਹੈ। ਆਪਣੀ ਕਾਵਿ ਰਚਨਾ ਦੁਆਰਾ ਉਹਨਾਂ ਨੇ ਅੱਜ ਦੇ ਸਮਾਜ ਦੀਆਂ ਸਮੱਸਿਆਵਾਂ ਨੂੰ ਕਾਵਿਕ ਅੰਦਾਜ਼ ਵਿੱਚ ਪੇਸ਼ ਕੀਤਾ।

ਇਸ ਸਮਾਗਮ ਵਿਚ ਖ਼ਾਲਸਾ ਕਾਲਜ ਦੇ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੇ ਹੀਰ ਵਾਰਿਸ ਦੇ ਕਲਾਮ ਅਤੇ ਸੁਰਜੀਤ ਪਾਤਰ ਦੀ ਸ਼ਾਇਰੀ ਨੂੰ ਸੁਰੀਲੇ ਅਤੇ ਜੋਸ਼ੀਲੇ ਢੰਗ ਨਾਲ ਪੇਸ਼ ਕਰਕੇ ਸਮਾਗਮ ਦਾ ਮੁੱਢ ਬੰਨ੍ਹਿਆ। ਇਸ ਉਪਰੰਤ ਪੰਜਾਬੀ ਸੰਗੀਤ ਕਲਾ ਦੇ ਖੇਤਰ ਵਿੱਚ ਉਭਰਦੀ ਅਤੇ ਨੌਜੁਆਨ ਪੀੜ੍ਹੀ ਵਿੱਚ ਮਕਬੂਲ ਪ੍ਰਸਿੱਧ ਪੰਜਾਬੀ ਗਾਇਕਾ ਅਮਨ ਸੂਫ਼ੀ ਨੇ ਆਪਣੇ ਨਿਵੇਕਲੇ ਅੰਦਾਜ਼ ਨਾਲ ਸ੍ਰੋਤਿਆਂ ਸਾਹਮਣੇ ਗਾਇਕੀ ਦੇ ਰੰਗ ਬਿਖੇਰੇ।

ਸਮਾਗਮ ਦਾ ਸਿਖਰ ਭਾਰਤੀ ਸੰਗੀਤ ਕਲਾ ਦੇ ਖੇਤਰ ਵਿੱਚ ਪੰਜਾਬੀ ਗਾਇਕੀ ਅਤੇ ਸੂਫ਼ੀ ਗਾਇਨ ਦੇ ਧਰੂ ਤਾਰੇ ਵਜੋਂ ਜਾਣੇ ਜਾਂਦੇ ਅਤੇ ਲੰਮੇ ਸਮੇਂ ਤੋਂ ਆਪਣੀ ਵਿਰਾਸਤੀ ਗਾਇਕੀ ਦੇ ਫਨ ਨੂੰ ਬਰਕਰਾਰ ਰੱਖਦੇ ਹੋਇਆਂ ਸ੍ਰੋਤਿਆਂ ਨੂੰ ਵਿਰਾਸਤੀ ਪਰੰਪਰਾ ਨਾਲ ਜੋੜਨ ਵਾਲੇ ਪੰਜਾਬੀ ਗਾਇਕੀ ਦੇ ਪ੍ਰਸਿੱਧ ਸੂਫ਼ੀ ਗਾਇਕ ਪਦਮ ਸ੍ਰੀ ਪੂਰਨ ਚੰਦ ਵਡਾਲੀ ਦੇ ਗਾਇਨ ਨਾਲ ਹੋਇਆ। ਉਹਨਾਂ ਨੇ ਵਾਰਿਸ ਦੀ ਹੀਰ ਗਾਉਂਦਿਆਂ ਆਪਣੀ ਕਲਾ ਦਾ ਮੁਜਾਹਰਾ ਪੇਸ਼ ਕਰਕੇ ਸਰੋਤਿਆਂ ਨੂੰ ਮੰਤਰਮੁਗਧ ਕੀਤਾ। ਹੀਰ ਵਾਰਿਸ ਦੇ ਇਸ ਸਮਾਗਮ ਸੰਬੰਧੀ ਵਿਦਿਆਰਥੀ ਵਿੱਚ ਭਾਰੀ ਉਤਸਾਹ ਰਿਹਾ। ਮੰਚ ਦਾ ਸੰਚਾਲਨ ਪੰਜਾਬੀ ਵਿਭਾਗ ਦੇ ਪ੍ਰੋਫ਼ੈਸਰ ਡਾ। ਪਰਮਿੰਦਰ ਸਿੰਘ ਦੁਆਰਾ ਬਾਖ਼ੂਬੀ ਨਿਭਾਇਆ ਗਿਆ।

# ਰਾਸ਼ਟਰੀ ਘੋੜਸਵਾਰੀ ਚੈਂਪੀਅਨਸ਼ਿਪ : ਘੋੜਸਵਾਰਾਂ ਨੇ ਵਿਅਕਤੀਗਤ ਨੇਜਾਬਾਜੀ ਤੇ ਜੋੜੀ-ਜੋੜੀ ਨੇਜਾਬਾਜੀ 'ਚ ਹਿੱਸਾ ਲਿਆ



ਜਲੰਧਰ, 16 ਫਰਵਰੀ : ਰਾਸ਼ਟਰੀ ਘੋੜਸਵਾਰੀ ਚੈਂਪੀਅਨਸ਼ਿਪ ਟੈਂਟ ਪੈਗਿੰਗ 2024-25, ਜੋ ਕਿ ਪੀ.ਏ.ਪੀ. ਕੰਪਲੈਕਸ, ਜਲੰਧਰ ਦੀ ਸਪੋਰਟਸ-ਕਮ-ਟ੍ਰੇਨਿੰਗ ਗਰਾਊਂਡ ਵਿੱਚ ਕਰਵਾਈ ਜਾ ਰਹੀ ਹੈ, ਵਿੱਚ ਪੂਰੇ ਭਾਰਤ ਵਿੱਚੋਂ ਫੌਜ, ਪੈਰਾ-ਮਿਲਟਰੀ ਫੋਰਸ ਦੇ ਨਾਲ-ਨਾਲ ਕੁਝ ਪ੍ਰਾਈਵੇਟ ਕਲੱਬਾਂ ਦੀਆਂ ਕੁੱਲ 15 ਟੀਮਾਂ ਦੇ 118 ਘੋੜਸਵਾਰਾਂ ਨੇ ਵਿਅਕਤੀਗਤ ਨੇਜਾਬਾਜੀ (Individual Lance) ਅਤੇ ਜੋੜੀ-ਜੋੜੀ ਨੇਜਾਬਾਜੀ (Paired Lance) ਵਿੱਚ ਹਿੱਸਾ ਲਿਆ।

ਸਾਰੇ ਘੋੜਸਵਾਰਾਂ ਵੱਲੋਂ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਗਿਆ।ਡੀ.ਆਈ.ਜੀ., ਪੀ.ਏ.ਪੀ. ਪ੍ਰਸ਼ਾਸਨ ਇੰਦਰਬੀਰ ਸਿੰਘ ਨੇ ਇਸ ਈਵੈਂਟ ਵਿੱਚ ਆਪਣੇ ਘੋੜੇ ਪੰਨਾ ਅਤੇ ਘੋੜੀ ਫੈਨਸੀ ਨਾਲ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਾਰੇ ਘੋੜਸਵਾਰਾਂ ਨੇ ਅਗਲੇ ਰਾਊਂਡ ਲਈ ਕੁਆਲੀਫਾਈ ਕੀਤਾ। ਈਵੈਂਟ ਲੰਬਾ ਹੋਣ ਕਰਕੇ ਇਸ ਦਾ ਨਤੀਜਾ ਸੋਮਵਾਰ ਨੂੰ ਐਲਾਨਿਆ ਜਾਵੇਗਾ।

# ਖ਼ਾਲਸਾ ਕਾਲਜ ਵਿਖੇ ਸਾਈਬਰ ਸੁਰੱਖਿਆ ਅਤੇ ਧੱਕੇਸ਼ਾਹੀ ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ

ਅੰਮ੍ਰਿਤਸਰ, 16 ਫਰਵਰੀ ( )—ਖ਼ਾਲਸਾ ਕਾਲਜ ਦੇ ਸਮਾਜ ਵਿਗਿਆਨ ਵਿਭਾਗ ਵੱਲੋਂ ਸੋਸ਼ਲ ਮੀਡੀਆ ਦੇ ਦੌਰ 'ਚ ਸਾਈਬਰ ਧੱਕੇਸ਼ਾਹੀ ਅਤੇ ਇਸ ਦੀ ਸੁਰੱਖਿਆ ਦੇ ਸਮਾਜਿਕ ਪਰਿਪੇਖ ਨੂੰ ਉਘਾੜਨ ਲਈ ਵਿਸ਼ੇਸ਼ ਲੈਕਚਰ ਕਰਵਾਇਆ ਗਿਆ।ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ: ਅਰਵਿੰਦਰ ਕੌਰ ਕਾਹਲੋਂ ਦੀ ਸਰਪ੍ਰਸਤੀ ਅਧੀਨ ਅਤੇ ਪ੍ਰੋ: ਜਸਪ੍ਰੀਤ ਕੌਰ ਡੀਨ ਹਿਊਮੈਨੀਟੀ ਦੀ ਅਗਵਾਈ ਹੇਠ ਆਯੋਜਿਤ ਇਸ ਮਹੱਤਵਪੂਰਨ ਵਿਸ਼ੇ 'ਤੇ ਗੱਲਬਾਤ ਕਰਨ ਲਈ ਡਾ: ਰਚਨਾ ਸ਼ਰਮਾ ਸਹਾਇਕ ਪ੍ਰੋਫ਼ੈਸਰ ਸਮਾਜ ਵਿਗਿਆਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਪਹੁੰਚੇ ਸਨ।




ਇਸ ਮੌਕੇ ਪ੍ਰਿੰ: ਡਾ: ਕਾਹਲੋਂ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆ ਕਿਹਾ ਕਿ ਸਾਈਬਰ ਠੱਗੀਆਂ ਲਗਾਤਾਰ ਵੱਧ ਰਹੀਆਂ ਹਨ ਇਸ ਬਾਰੇ ਸਮਾਜ ਨੂੰ ਜਾਗਰੂਕ ਕਰਵਾਉਣਾ ਬਹੁਤ ਜਰੂਰੀ ਹੈ। ਡਾ: ਰਚਨਾ ਨੇਸਾਈਬਰ ਠੱਗੀ ਅਤੇ ਧੱਕੇਸ਼ਾਹੀ ਦੀ ਦੁਨੀਆਂ ਬਾਰੇ ਜਾਣਕਾਰੀ ਦਿੰਦਿਆਂ ਵੱਖ ਵੱਖ ਸੋਸ਼ਲ ਮੀਡੀਆ ਸਾਈਟਾਂ ਬਾਰੇ ਦੱਸਿਆ ਜਿਸ ਰਾਹੀਂ ਉਨ੍ਹਾਂ ਨਾਲ ਠੱਗੀ ਵੱਜ ਸਕਦੀ ਹੈ। ਉਨ੍ਹਾਂ ਨੇ ਐਨ. ਸੀ. ਆਰ. ਬੀ. ਦੁਆਰਾ ਇਕੱਠਾ ਕੀਤਾ ਡਾਟਾ ਵਿਦਿਆਰਥੀਆਂ ਨਾਲ ਸਾਂਝਾ ਕੀਤਾ ਜਿਸ ਵਿਚ ਵੱਖ ਵੱਖ ਕਿਸਮ ਦੀ ਠੱਗੀ ਧੋਖੇਸ਼ਾਹੀ ਦਾ ਵਰਣਨ ਸੀ।

ਇਸ ਮੌਕੇ ਡਾ: ਸ਼ਰਮਾ ਨੇ ਸਾਈਬਰ ਧੱਕੇਸ਼ਾਹੀ ਦੀ ਧਾਰਨਾ ਅਤੇ ਇਹ ਵੱਖ–ਵੱਖ ਸੋਸ਼ਲ ਮੀਡੀਆ ਐਪਲੀਕੇਸ਼ਨਾਂ ਰਾਹੀਂ ਕਿਵੇਂ ਕੀਤੀ ਜਾਂਦੀ ਹੈ ਤੋਂ ਜਾਣੂ ਕਰਵਾਇਆ। ਉਨ੍ਹਾਂ ਨੇ ਐਨ. ਸੀ. ਆਰ. ਬੀ. ਦੇ ਅੰਕੜਿਆਂ ਦਾ ਹਵਾਲਾ ਦਿੱਤਾ ਜੋ ਸਾਈਬਰ ਧੱਕੇਸ਼ਾਹੀ ਦੇ ਹਾਲੀਆ ➾ਝਾਨਾਂ ਜਿਵੇਂ ਕਿ ਸਾਈਬਰ ਸਟਾਕਿੰਗ, ਮਾਨਹਾਨੀ, ਸਾਈਬਰ ਬਲੈਕਮੇਲਿੰਗ, ਜਾਅਲੀ ਖ਼ਬਰਾਂ ਆਦਿ ਨੂੰ ਉਜਾਗਰ ਕਰਦੇ ਹਨ। ਉਨ੍ਹਾਂ ਇਸ ਸਮੱਸਿਆ ਦੇ ਹੱਲ ਸਬੰਧੀ ਵਿਦਿਆਰਥੀਆਂ ਨੂੰ ਕਿਸੇ ਵੀ ਕਿਸਮ ਦੇ ਡਿਜੀਟਲ ਦੁਰਵਿਵਹਾਰ ਦੀ ਰਿਪੋਰਟ ਕਰਨ ਲਈ ਸਾਈਬਰ ਸੈੱਲਾਂ ਦੇ ਗਠਨ ਵਰਗੀਆਂ ਵੱਖ—ਵੱਖ ਸਰਕਾਰੀ ਪਹਿਲਕਦਮੀਆਂ ਬਾਰੇ ਜਾਣੂ ਕਰਵਾਇਆ।ਇਸਦੇ ਨਾਲ ਹੀ ਉਨ੍ਹਾਂ ਨੂੰ ਟੈਲੀ ਮਾਨਸ ਨਾਮਕ ਇੱਕ ਹੈਲਪਲਾਈਨ ਤੋਂ ਜਾਣੂ ਕਰਵਾਇਆ ਜੋ ਕਿ ਔਨਲਾਈਨ ਧੱਕੇਸ਼ਾਹੀ ਦੇ ਸ਼ਿਕਾਰ ਲੋਕਾਂ ਦੀਆਂ ਮਾਨਸਿਕ ਸਮੱਸਿਆਵਾਂ ਨਾਲ ਨਜਿੱਠਣ ਲਈ ਦੇਸ਼ ਭਰ ਵਿੱਚ ਕੰਮ ਕਰਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਡਿਜੀਟਲ ਪਲੇਟਫਾਰਮਾਂ 'ਤੇ ਖੁਦ ਨੂੰ ਸੁਰੱਖਿਅਤ ਰੱਖਣ ਲਈ ਵਿਅਕਤੀ ਵੱਖ—ਵੱਖ ਸਾਵਧਾਨੀ ਵਾਲੇ ਕਦਮਾਂ 'ਤੇ ਜ਼ੋਰ ਦਿੱਤਾ। ਉਦਾਹਰਣ ਵਜੋਂ ਉਹਨਾਂ ਦੀ ਪ੍ਰੋਫਾਈਲ 'ਤੇ ਨਿਯਮਤ ਜਾਂਚ ਰੱਖਣਾ, ਉਨ੍ਹਾਂ ਦੇ ਖਾਤੇ 'ਚ ਅਜਨਬੀਆਂ ਨੂੰ ਸ਼ਾਮਿਲ ਨਾ ਕਰਨਾ ਅਤੇ ਉਨ੍ਹਾਂ ਦੇ ਟਿਕਾਣੇ ਦੀ ਕੋਈ ਵੀ ਪੂਰਵ ਜਾਣਕਾਰੀ ਸਾਂਝੀ ਨਾ ਕਰਨਾ।

ਇਸ ਮੌਕੇ ਇਕ ਇੰਟਰਐਕਟਿਵ ਸੈਸ਼ਨ ਆਯੋਜਿਤ ਕੀਤਾ ਗਿਆ ਜਿੱਥੇ ਮਹਿਮਾਨ ਬੁਲਾਰੇ ਨੇ ਵਿਦਿਆਰਥੀਆਂ ਦੇ ਨਿੱਜੀ ਸਵਾਲਾਂ ਦੇ ਜਵਾਬ ਦਿੱਤੇ। ਜ਼ਿਆਦਾਤਰ ਵਿਦਿਆਰਥੀ ਇਸ ਅਣਸੁਲਝੇ ਮੁੱਦੇ 'ਤੇ ਬਿਹਤਰ ਸਪੱਸ਼ਟਤਾ ਲਈ ਇਸ ਸਮੱਸਿਆ ਦੇ ਮੂਲ ਕਾਰਨਾਂ ਨੂੰ ਜਾਣਨ ਲਈ ਉਤਸੁਕ ਸਨ। ਸਮਾਜ ਵਿਗਿਆਨ ਵਿਭਾਗ ਦੇ ਇੰਚਾਰਜ ਡਾ: ਸੁਖਬੀਰ ਸਿੰਘ ਨੇ ਮਹਿਮਾਨ ਬੁਲਾਰੇ ਅਤੇ ਡਾ: ਜਸਦੀਪ ਕੌਰ ਅਤੇ ਡਾ: ਭਾਰਤੀ ਜਸਰੋਟੀਆ ਸਮੇਤ ਪ੍ਰਬੰਧਕੀ ਕਮੇਟੀ ਦੇ ਹੋਰ ਸਾਰੇ ਮੈਂਬਰਾਂ ਦਾ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਸਮਾਜਿਕ ਵਿਗਿਆਨ ਦੇ ਹੋਰ ਫੈਕਲਟੀ ਮੈਂਬਰਾਂ ਮਾਨਵ ਸ਼ਰਮਾ, ਦੀਕਸ਼ਾ ਸ਼ਰਮਾ, ਰੂਪਕੰਵਲ ਕੌਰ, ਸਮਰਦੀਪ ਕੌਰ, ਸੰਦੀਪ ਕੌਰ, ਡਾ: ਹਰਮਨਦੀਪ ਕੌਰ ਦਾ ਮੌਜੂਦਗੀ ਲਈ ਧੰਨਵਾਦ ਕੀਤਾ।

## ਸਾੜਾ

ਇੱਥੇ ਵੇਖ ਕੇ ਤਰੱਕੀ, ਕਈ ਸਾੜਾ ਕਰ ਜਾਂਦੇ ਨੇ,

ਇੱਕੋ ਥਾਲ਼ੀ ਖਾ ਕੇ ਵੀ,ਕਈ ਮਾੜਾ ਕਰ ਜਾਂਦੇ ਨੇ ,

ਕੈਂਚੀ ਦੀ ਥਾਂ ਜੜ੍ਹਾਂ ਤੇ, ਕੁਹਾੜੇ ਵਰ੍ਹ ਜਾਂਦੇ ਨੇ,

ਖੁਸ਼ੀ ਦੀ ਥਾਂ ਨੈਣੀਂ ਹੰਝੂ ,ਖਾਰੇ ਭਰ ਜਾਂਦੇ ਨੇ,

ਜਿਉਂਦੇ ਜੀਅ ਵੀ ਸੱਜਣ, ਪਿਆਰੇ ਮਰ ਜਾਂਦੇ ਨੇ,

ਬੇੜਾ ਠੇਲ੍ਹ ਕੇ ਸਮੁੰਦਰੀ,ਕਿਨਾਰਾ ਕਰ ਜਾਂਦੇ ਨੇ,

ਆਪਣੇ ਵੀ ਗੈਰਾਂ ਲਈ, ਹੁੰਗਾਰਾ ਭਰ ਜਾਂਦੇ ਨੇ,

ਕਈ ਪ੍ਰਿੰਸ ਸਿਰ ਐਵੇਂ ਇਲਜ਼ਾਮ  ਧਰ ਜਾਂਦੇ ਨੇ,

ਹਾਰ ਵੇਖ ਕੇ ਅਸਾਂ ਦੀ ,ਕਈ ਸੀਨੇ ਠਰ ਜਾਂਦੇ ਨੇ,



ਰਣਬੀਰ ਸਿੰਘ ਪ੍ਰਿੰਸ
ਆਫ਼ਿਸਰ ਕਾਲੋਨੀ
ਸੰਗਰੂਰ